
ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਏ॥
ਸਪਤਾਹਿਕ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ
ਸਤਿਜੁਗ
ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।
www.sribhainisahib.com
ਜਿਲਦ-24 ਨੰਬਰ-35
8 ਤੋਂ 14 ਪੋਹ 2073 -22 to 28 December 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

**ਬੁਰਾ ਕਿਸੇ ਨਹੀ ਆਖਣਾ**

ਜੇਕਰ ਤੁਸੀ ਭਲੇ ਹੋਵਹੁਗੇ ਤਾ ਮੈਨੂ ਬੁਰਾ ਕਿਸੇ ਨਹੀ ਆਖਣਾ ॥



# A SAGA OF SRI SATGURU JAGJIT SINGH JI

## - A BRIEF BIOGRAPHY IN ENGLISH

"A Saga of Sri Satguru Jagjit Singh Ji" a brief biography written in English by Dr. Sharada Jayagovind is a soul nourishing insight into the life of His Holiness Sri Satguru Jagjit Singh ji. The author has made a wholehearted attempt to consolidate the sequence of events and occurrences from Sri Satguru ji's life in a coherent manner, which shall be a spiritual awakening experience for all the readers. It is the chronicle of honest & unflinching depiction of all aspects of Sri Satguru ji's personality – that gives this book its enduring force.


Sri Satguru Jagjit Singh ji was an ocean of love, compassion and peace. His life centered on the principles of truth, compassion, *seva* and devotion. Sri Satguru ji's life and journey is one of adherence to path of righteousness despite harsh tests and obstacles and many pains of life and time. The purity and empathy in Sri Satguru ji's intentions and actions inspires affection and devotion for him in the hearts of millions.

The writer of this book hails from South India. Mysterious are the ways of Almighty. No one would have envisaged that someone from the State of Karnataka would have the privilege to pen Sri Satguru ji's biography. The way in which Dr. Sharada Jayagovind got this assignment makes it a very interesting reading. In early 2015, Satguru Uday Singh ji took upon himself, the noble task of getting a few discourses of His Holiness Sri Satguru Jagjit Singh ji translated to English so that the fragrance of the teachings of Sri Satguru ji reach out to bigger readership. These have already been compiled and published under the title- **"Sri Satguru Jagjit Singh ji – Discourses".**

At one of the conversations with his friend, Mr Prashanta Bhat who is based out of Bangalore and an architect by profession, Satguru Uday Singh Ji shared his quest for a good English writer who can help with translation of discourses and write a biography of His Holiness Sri Satguru Jagjit Singh Ji. Mr Bhat introduced him to his Aunt, Dr. Sharada Jayagovind. She shared some of her literary publications including biographies. She is a pious lady with good experience of writing simple, understandable and effective English. As destiny holds, impressed by her writing skills, Satguru Uday Singh ji asked her to write the biography of His Holiness Sri Satguru Jagjit Singh ji.

Satguru Uday Singh ji communicated to the writer his wish that the biographical research methodology should be original. She should collect facts and information about Sri Satguru Jagjit Singh ji's life through the series of in-depth interviews and personal narratives. This made the engagement more challenging and exciting. The writer along with her associate, Ms. Renuka Phadnis, a seasoned journalist made series of visits to Sri Bhaini Sahib, Sri Jiwan Nagar, Mastan Garh and Malerkotla. During these visits, she conducted more than one hundred interviews with subas, office bearers, historians, sewaks, musicians and many others who shared the reminiscences of their beloved Sri Satguru ji.

The writer interviewed Sri Mata Chand Kaur ji in April, 2015 at Sri Bhaini Sahib. Satguru Uday Singh ji took special interest to supervise the progress of the script and was the source for considerable information. He ensured that all the necessary facilities and resources were placed at the disposal of the writer for the successful completion of this literary project. The whole extensive exercise embedded with immense efforts and hard work consumed nearly nineteen months before the book was finally sent for printing.




Cover pages front and back of the Book "A Saga of Sri Satguru Jagjit Singh Ji"

The writer has meticulously divided the script of the book into eight chapters covering different phases and facets of Sri Satguru Jagjit Singh ji's dynamic personality. The book also houses a separate chapter dedicated to loving mother, Sri Mata Chand Kaur ji giving a revelation into her world of seva and devotion.

The following lines quoted from the biography could well stand as the book's epigraph –

"If a doll of salt steps into the fathomless ocean to measure its depth, the grandeur, majesty and the mysteries of the ocean are beyond its grasp. It would melt and become one with the waters. Similar was my experience when I set out to write the life story of His Holiness Sri Satguru Jagjit Singh ji, the Namdhari Sikh Guru. He is as tall as the Himalayas, as pure as the holy rivers and endless as the vast skies."

We invite one and all to join us on this spiritual journey into the life of beloved Patsha Ji- His Holiness Sri Satguru Jagjit Singh ji by reading his Biography.

Gurmukh Singh (Bangalore)

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਤੇ ਵਿਸ਼ੇਸ਼**

# ਪਟਨਾ ਸ਼ਹਿਰ ਬਿਖੈ ਭਵ ਲਯੋ

**ਦੇਵਿੰਦਰ ਸਿੰਘ ਗਿੱਲ ਜੀਆ ਨੱਥਾ**

ਬਾਦਸ਼ਾਹ ਦਰਵੇਸ਼, ਸਰਬੰਸ ਦਾਨੀ, ਕਲਗੀਆਂ ਵਾਲੇ ਸ਼ਹਿਨਸ਼ਾਹ, ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਜੀਵਨ ਇਕ ਬਚਿੱਤਰ ਨਾਟਕ ਹੀ ਸੀ। ਇਸ ਲਈ ਸ਼ਾਇਦ ਆਪ ਸਵੈ-ਰਚਿਤ ਜੀਵਨੀ ਨੂੰ ਉਹਨਾਂ ਨੇ ਬਚਿਤ੍ਰ ਨਾਟਕ ਦਾ ਹੀ ਨਾਮ ਦਿੱਤਾ ਸੀ, ਜੋ ਦਸਮ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤੀ ਗਈ ਹੈ। ਆਪ ਜੀ ਆਪਣੇ ਅਵਤਾਰ ਧਾਰਨ ਬਾਰੇ ਬਚਿਤ੍ਰ ਨਾਟਕ ਦੇ ਸੱਤਵੇਂ ਅਧਿਆਇ ਵਿਚ ਇਸ ਪ੍ਰਕਾਰ ਲਿਖਦੇ ਹਨ-

***ਮੁਰਪਿਤ ਪੂਰਬਿ ਕੀਯਸਿ ਪਯਾਨਾ।।***
***ਭਾਂਤਿ ਭਾਂਤਿ ਕੇ ਤੀਰਥ ਨ੍ਹਾਨਾ।।***
***ਜਬ ਹੀ ਜਾਤਿ ਤ੍ਰਿਬੇਣੀ ਭਏ।।***
***ਪੁੰਨ ਦਾਨ ਨਿਤ ਕਰਤ ਬਿਤਏ।।***
***ਤਹੀਂ ਪ੍ਰਕਾਸ ਹਮਾਰਾ ਭਯੋ।।***
***ਪਟਨਾ ਸ਼ਹਰ ਬਿਖੈ ਭਵ ਲਯੋ।।***

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੇ ਹਿੰਦੁਸਤਾਨ ਅਤੇ ਵਿਦੇਸ਼ਾਂ ਵਿਚ ਭਾਈ ਬਾਲਾ ਅਤੇ ਮਰਦਾਨਾ ਨੂੰ ਲੈ ਕੇ ਸਤਿਨਾਮ ਦਾ ਪ੍ਰਚਾਰ ਕੀਤਾ ਸੀ ਅਤੇ ਕੁਰਾਹੇ ਪਈ ਲੋਕਾਈ ਨੂੰ ਸੱਚ ਦਾ ਮਾਰਗ ਦਿਖਾਇਆ ਸੀ ਪ੍ਰੰਤੂ ਉਹਨਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਅੱਠਵੇਂ ਪਾਤਸ਼ਾਹ ਜੀ ਤੱਕ ਗੁਰੂ ਸਾਹਿਬਾਨ ਸਮੁੱਚੇ ਦੇਸ਼ ਵਿਚ ਧਰਮ ਪ੍ਰਚਾਰ ਨਾ ਕਰ ਸਕੇ। ਬਹੁਤ ਸਾਰੇ ਗੁਰਸਿੱਖ ਗੁਰੂ ਸਾਹਿਬਾਨਾਂ ਦੇ ਦਰਸ਼ਨਾਂ ਤੋਂ ਬਿਰਵੇ ਹੀ ਰਹੇ। ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਵੀ ਦਿੱਲੀ ਤੋਂ ਅੱਗੇ ਧਰਮ ਪ੍ਰਚਾਰ ਲਈ ਨਹੀਂ ਗਏ। ਸੋ ਪੂਰਬ ਦੀ ਸੰਗਤ ਵਲੋਂ ਵਾਰ ਵਾਰ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਅਰਦਾਸਾਂ ਆ ਰਹੀਆਂ ਸਨ ਕਿ ਸਿੱਖੀ ਹਰੀ ਰੱਖਣ ਲਈ ਪੂਰਬ ਦਿਸ਼ਾ ਵੱਲ ਆਓ ਅਤੇ ਸਮੁੱਚੀ ਸੰਗਤ ਨੂੰ ਦਰਸ਼ਨ ਦੇ ਕੇ ਕ੍ਰਿਤਾਰਥ ਕਰੋ।

ਸੰਗਤ ਦੀਆਂ ਅਰਦਾਸਾਂ ਸੁਣ ਕੇ ਨੌਂਵੇਂ ਪਾਤਸ਼ਾਹ ਜੀ ਨੇ ਆਪਣੇ ਪਰਵਾਰ ਅਤੇ ਹਜ਼ੂਰੀ ਸਿੱਖ ਸੇਵਕਾਂ ਸਹਿਤ ਪੂਰਬ ਦਿਸ਼ਾ ਵੱਲ ਚਾਲੇ ਪਾਏ। ਡਾ. ਤਰਲੋਚਨ ਸਿੰਘ ਦੀ ਖੋਜ ਭਰਪੂਰ ਪੁਸਤਕ 'ਗੁਰੂ ਤੇਗ ਬਹਾਦਰ ਪ੍ਰਾਫਿਟ ਐਂਡ ਮਾਰਟਿਅਰ' ਅਨੁਸਾਰ ਸੰਮਤ 1722 (1665 ਈਸਵੀ) ਦੀ ਦਿਵਾਲੀ ਤੋਂ ਬਾਅਦ ਮਖੋਵਾਲ (ਸ੍ਰੀ ਅਨੰਦਪੁਰ ਸਾਹਿਬ) ਤੋਂ ਪੂਰਬ ਦੀ ਦਿਸ਼ਾ ਵੱਲ ਚਾਲੇ ਪਾਏ ਸਨ। ਆਪ ਜੀ ਮਾਲਵੇ ਦੀ ਧਰਤੀ ਨੂੰ ਭਾਗ ਲਾਉਂਦੇ ਹੋਏ ਪੂਰਬ ਦੀ ਧਰਤੀ ਵੱਲ ਆ ਰਹੇ ਸਨ। ਦਸਮ ਪਾਤਸ਼ਾਹ ਜੀ ਦੀ ਉਪਰੋਕਤ ਲਿਖਤ ਅਨੁਸਾਰ ਉਹਨਾਂ ਦੇ ਮਾਤਾ ਪਿਤਾ ਪੂਰਬ ਦੀ ਧਰਤੀ ਵੱਲ ਜਾਂਦੇ ਹੋਏ ਹਿੰਦੂ ਤੀਰਥਾਂ ਤੇ ਜਾ ਕੇ ਪੁੰਨ ਦਾਨ ਕਰ ਰਹੇ ਸਨ ਅਤੇ ਧਰਮ ਪ੍ਰਚਾਰ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਸਿਖੀ ਨੂੰ ਪ੍ਰਫੁਲਤ ਕਰ ਰਹੇ ਸਨ।

ਜਦੋਂ ਗੁਰੂ ਤੇਗ ਬਹਾਦਰ ਜੀ ਪਰਵਾਰ ਸਮੇਤ 'ਤ੍ਰਿਬੇਣੀ' ਅਲਾਹਾਬਾਦ ਪਹੁੰਚੇ ਤਾਂ ਦਸਮ ਪਾਤਸ਼ਾਹ ਜੀ ਦੀ ਉਪਰੋਕਤ ਲਿਖਤ ਅਨੁਸਾਰ ਮਾਤਾ ਗੁਜਰੀ ਜੀ ਦੇ ਗਰਭ ਵਿਚ ਉਹਨਾਂ ਦਾ ਪ੍ਰਵੇਸ਼ ਹੋਇਆ। ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਸੰਗਤਾਂ ਨੂੰ ਤਾਰਦੇ ਹੋਏ ਮਈ 1666 ਈਸਵੀ ਨੂੰ ਪਟਨਾ ਸ਼ਹਿਰ ਪਹੁੰਚੇ। ਪਟਨਾ ਸ਼ਹਿਰ ਗੰਗਾ ਨਦੀ ਦੇ ਕਿਨਾਰੇ ਵਸਿਆ ਹੋਇਆ ਰਮਣੀਕ ਨਗਰ ਹੈ। ਉਥੇ ਗੁਰੂ ਨਾਨਕ ਦੇਵ ਜੀ ਨੇ ਵੀ ਚਰਨ ਪਾਏ ਸਨ, ਇਸ ਲਈ ਉਥੇ ਬਹੁਤ ਸਾਰੇ ਨਾਨਕ ਪੰਥੀ ਸਿੱਖਾਂ ਦਾ ਵਾਸਾ ਸੀ। ਨੌਂਵੇਂ ਪਾਤਸ਼ਾਹ ਜੀ ਨੇ ਉਥੇ ਹੀ ਬਰਸਾਤ (ਸਾਵਣ ਭਾਦਰੋਂ) ਦੇ ਦਿਨ ਬਿਤਾਉਣ ਦਾ ਮਨ ਬਣਾ ਲਿਆ ਸੀ। ਆਪ ਜੀ ਨੇ ਸ਼ਹਿਰ ਵਿਚ ਟਿਕਾਣਾ ਕਰਕੇ ਦੂਰ ਨੇੜੇ ਧਰਮ ਦਾ ਪ੍ਰਚਾਰ ਕਰਦੇ ਅਤੇ ਮੁੰਘੇਰ ਤਕ ਚਲੇ ਜਾਂਦੇ। ਆਪ ਜੀ ਨੇ ਪਟਨਾ ਸ਼ਹਿਰ ਵਿਚ ਰਾਏ ਘਾਟ ਦੇ ਨੇੜੇ ਨਿਵਾਸ ਕੀਤਾ ਹੋਇਆ ਸੀ।

ਮੁੰਘੇਰ ਵਿਚ ਸਤਿਗੁਰਾਂ ਨੂੰ ਕਜਵਾਹਾ ਰਾਜਪੂਤ ਰਾਜਾ ਰਾਮ ਸਿੰਘ ਮਿਲਣ ਆਇਆ ਅਤੇ ਸਤਿਗੁਰਾਂ ਦੇ ਚਰਨ ਪਰਸ ਕੇ ਬਹੁਤ ਪ੍ਰਸੰਨ ਹੋਇਆ। ਉਸ ਪਰਵਾਰ ਦਾ ਗੁਰੂ ਘਰ ਨਾਲ ਬਹੁਤ ਸਨੇਹ ਅਤੇ ਸ਼ਰਧਾ ਸੀ। ਉਸਨੇ ਸਤਿਗੁਰਾਂ ਅੱਗੇ ਬੇਨਤੀ ਕੀਤੀ ਕਿ ਮੇਰੇ ਨਾਲ ਅਸਾਮ ਦੀ ਮੁਹਿੰਮ ਤੇ ਚੱਲੋ ਜੋ ਕਿ




ਉਸਨੂੰ ਬਾਦਸ਼ਾਹ ਔਰੰਗਜ਼ੇਬ ਨੇ ਸੌਂਪੀ ਸੀ। ਢਾਕਾ - ਅਸਾਮ ਵਿਚ ਜੰਤਰ ਮੰਤਰ ਦਾ ਬਹੁਤ ਜੋਰ ਸੀ, ਜਨਮ ਸਾਖੀ ਸਹਿਤ ਵਿਚ ਗੁਰੂ ਨਾਨਕ ਜੀ ਨਾਲ ਸੰਗੀ ਸਾਥੀ ਭਾਈ ਮਰਦਾਨਾ ਨੂੰ ਭੇਡੂ (ਛੱਤਰਾ) ਬਣਾਉਣ ਦਾ ਜ਼ਿਕਰ ਵੀ ਆਉਂਦਾ ਹੈ। ਇਹ ਕੋਝਾ ਕੰਮ ਉਥੋਂ ਦੀ ਨੂਰ ਸ਼ਾਹ ਜਾਦੂਗਰਨੀ ਨੇ ਕੀਤਾ ਸੀ। ਰਾਜਾ ਰਾਮ ਭਲੀਭਾਂਤ ਜਾਣਦਾ ਸੀ ਜੇਕਰ ਸਤਿਗੁਰੂ ਜੀ ਉਸ ਨਾਲ ਫੌਜੀ ਮੁਹਿੰਮ ਵਿਚ ਜਾਣਗੇ ਤਾਂ ਕੋਈ ਜਾਦੂਗਰ ਉਸ ਦਾ ਕੁਝ ਨਹੀਂ ਵਿਗਾੜ ਸਕਦੇ।

ਰਾਜੇ ਦੀ ਅਰਜ਼ ਮੰਨਕੇ ਗੁਰੂ ਤੇਗ ਬਹਾਦਰ ਜੀ ਅਸਾਮ ਢਾਕੇ ਵੱਲ ਜਾਣ ਲਈ ਤਿਆਰ ਹੋ ਗਏ। ਆਪਣੇ ਪਰਵਾਰ ਨੂੰ ਉਹਨਾਂ ਨੇ ਪਟਨੇ ਸ਼ਹਿਰ ਵਿਚ ਗਊਘਾਟ ਦੇ ਨੇੜੇ ਭਾਈ ਦਿਆਲ ਦਾਸ ਦੀ ਦੇਖ ਰੇਖ ਵਿਚ ਰੱਖਿਆ ਸੀ। ਜਦੋਂ ਆਪ ਜੀ ਪੂਰਬ ਦੀਆਂ ਸੰਗਤਾਂ ਅਸਾਮ ਢਾਕਾ ਦੀਆਂ ਨੂੰ ਤਾਰ ਰਹੇ ਸਨ ਤਾਂ ਭਾਈ ਦਿਆਲ ਦਾਸ ਤੇ ਉਥੋਂ ਦੇ ਹੋਰ ਗੁਰਸਿਖਾਂ ਦੇ ਨਾਮ ਇਕ ਹੁਕਮਨਾਮੇ ਵਿਚ ਇਉਂ ਜ਼ਿਕਰ ਕੀਤਾ ਹੈ- "ਅਸੀਂ ਰਾਜੇ ਦੇ ਸਾਥ ਗਏ ਹਾਂ। ਕਬੀਲਾ ਹਮੋਂ ਪਟਨੇ ਮੈਂ ਛੋਡਾ ਹੈ। ਕੋਈ ਅਵਲ ਹਵੇਲੀ ਹੋਣੇ ਬਝੀ - ਤਿਸ ਮੋ ਕਬੀਲੇ ਹਮਰੇ ਰਖਣੇ।"

ਸਤਿਗੁਰਾਂ ਦੇ ਆਦੇਸ਼ ਤੇ ਗੁਰੂ ਪਰਵਾਰ ਨੂੰ ਗਾਏ ਘਾਟ ਦੇ ਸਥਾਨ ਤੋਂ ਬਦਲਕੇ ਇਕ ਵੱਡੀ ਹਵੇਲੀ ਵਿਚ ਨਿਵਾਸ ਕਰਵਾਇਆ ਗਿਆ ਕਿਉਂਕਿ ਸਾਹਿਬਜ਼ਾਦੇ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਧਾਰਨ ਦਾ ਸਮਾਂ ਨੇੜੇ ਆ ਰਿਹਾ ਸੀ। ਉਸ ਵੱਡੀ ਹਵੇਲੀ ਵਿਚ ਭਾਈ ਕਾਹਨ ਸਿੰਘ ਨਾਭਾ ਦੇ ਗਰੰਥ ਮਹਾਨ ਕੋਸ਼ (ਸਫਾ 429) ਅਨੁਸਾਰ ਮਾਤਾ ਗੁਜਰੀ ਜੀ ਦੀ ਕੁਖੋਂ ਤੋਂ ਪੋਹ ਸੁਦੀ 7 (23 ਪੋਹ) ਸ਼ਨੀਵਾਰ ਸੰਮਤ 1723 (22 ਦਸੰਬਰ ਸੰਨ 1666 ਈਸਵੀ) ਨੂੰ ਸਾਹਿਬਜ਼ਾਦੇ ਦਾ ਜਨਮ ਹੋਇਆ। ਫਿਰ ਸਾਹਿਬਜ਼ਾਦੇ ਦਾ ਨਾਮ ਸਤਿਗੁਰਾਂ ਅਨੁਸਾਰ ਗੋਬਿੰਦ ਦਾਸ ਰੱਖਿਆ ਗਿਆ ਸੀ। ਜੋ ਵਿਦਵਾਨ ਲਿਖਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦਾ ਨਾਮ ਗੋਬਿੰਦ ਰਾਏ ਲਿਖਦੇ ਹਨ, ਉਹ ਉਹਨਾਂ ਦੀ ਭੁੱਲ ਹੈ। ਗੋਬਿੰਦ ਦਾਸ ਨਾਮ ਦੀ ਪੁਸ਼ਟੀ ਸਤਿਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਤੋਂ ਵੀ ਹੋ ਜਾਂਦੀ ਹੈ-

**"ਸੰਗਤਿ ਸੇਵਾ ਗੋਬਿੰਦ ਦਾਸ ਕੀ ਕਰਤੀ ਹੈ। ਤੁਮਰੀ ਸੇਵਾ ਸੰਗਤਿ ਕੀ ਗੁਰੂ ਕੀ ਦਰਗਾਹ ਥਾਇ ਪੜੇਗੀ।"**

ਉਪਰੋਕਤ ਤਥ ਦੀ ਪੁਸ਼ਟੀ ਸਿੱਖ ਇਤਿਹਾਸ ਦੇ ਮੁਢਲੇ ਸਰੋਤ ਭੱਟਾਂ ਦੀਆਂ ਵਹੀਆਂ ਤੋਂ ਵੀ ਭਲੀਭਾਂਤ ਹੋ ਜਾਂਦੀ ਹੈ। ਅਜੋਕੇ ਸਮੇਂ ਕਈ ਖੋਜੀ ਵਿਦਵਾਨ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਅਵਤਾਰ ਧਾਰਨ ਦਾ ਸਾਲ 1661 ਈਸਵੀ ਨੂੰ ਭੱਟਾਂ ਦੀਆਂ ਵਹੀਆਂ ਦੇ ਆਧਾਰ ਤੇ ਮੰਨਦੇ ਹਨ। ਇਸ ਹਵੇਲੀ ਵਿਚ ਬਾਲ ਗੋਬਿੰਦ ਦਾਸ ਜੀ ਨੇ ਅਵਤਾਰ ਧਾਰਿਆ ਸੀ, ਉਸ ਅਸਥਾਨ ਦਾ ਨਾਮ ਸਿੱਖ ਇਤਿਹਾਸ ਵਿਚ ਸ੍ਰੀ ਹਰਿਮੰਦਰ ਸਾਹਿਬ ਨਾਮ ਹੇਠ ਜਗਤ ਵਿਚ ਪ੍ਰਸਿੱਧ ਹੋਇਆ, ਜੋ ਸਿਖ ਜਗਤ ਦਾ ਦੂਜਾ ਤਖਤ ਮੰਨਿਆ ਜਾਂਦਾ ਹੈ। ਉਸ ਅਸਥਾਨ ਦੀ ਇਮਾਰਤ ਦੀ ਤਾਮੀਰ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ। ਸ੍ਰੀ ਹਰਿਮੰਦਰ ਸਾਹਿਬ ਵਿਚ ਹੇਠ ਲਿਖੀਆਂ ਇਤਿਹਾਸਕ ਵਸਤਾਂ ਸੁੱਰਖਿਅਤ ਰੱਖੀਆਂ ਗਈਆਂ ਹਨ ਜੋ ਗੁਰੂ ਜੀ ਨਾਲ ਸੰਬਧਿਤ ਹਨ-

1. ਪੰਘੂੜਾ ਸਾਹਿਬ, ਜਿਸ ਉਤੇ ਬਾਲ ਗੁਰੂ ਗੋਬਿੰਦ ਦਾਸ ਜੀ ਬਚਪਨ ਵਿਚ ਬਿਰਾਜਿਆ ਕਰਦੇ ਸਨ।
2. ਦਸਮੇਸ਼ ਜੀ ਦੇ ਚਾਰ ਤੀਰ
3. ਇਕ ਛੋਟੀ ਤਲਵਾਰ
4. ਇਕ ਛੋਟਾ ਖੰਡਾ
5. ਇਕ ਛੋਟੀ ਕਟਾਰ
6. ਕਲਗੀਧਰ ਪਾਤਸ਼ਾਹ ਦਾ ਕੰਘਾ
7. ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮੇ
8. ਦਸਵੇਂ ਪਾਤਸ਼ਾਹ ਜੀ ਦੀਆਂ ਹਾਥੀ ਦੰਦ ਦੀਆਂ ਖੜਾਵਾਂ
9. ਗੁਰੂ ਤੇਗ ਬਹਾਦਰ ਜੀ ਦੀਆਂ ਚੰਦਨ ਦੀਆਂ ਖੜਾਵਾਂ
10. ਕਲਗੀਧਰ ਪਾਤਸ਼ਾਹ ਜੀ ਜਿਹਨਾਂ ਕਾਗਜਾਂ ਤੇ ਗੁਰਮੁਖੀ ਅੱਖਰ ਪੈਂਤੀ ਲਿਖਿਆ ਕਰਦੇ ਸਨ। ਉਹ ਕਾਗਜਾਂ ਉਤੇ ਚਿੰਨਿਤ ਹਨ।

ਕਲਗੀਧਰ ਪਾਤਸ਼ਾਹ ਜੀ ਨਾਲ ਬਚਪਨ ਦੇ ਸਮੇਂ ਨਾਲ ਸੰਬੰਧਿਤ ਕਈ ਯਾਦਾਂ ਗੁਰਦੁਆਰਿਆਂ ਦੇ ਰੂਪ ਵਿਚ ਸਿੱਖ ਸੰਗਤ ਵਲੋਂ ਸੁਰੱਖਿਅਤ ਕਰ ਦਿਤੀਆਂ ਗਈਆਂ ਹਨ। ਉਹਨਾਂ ਵਿਚੋਂ ਕੁਝ ਇਸ ਪ੍ਰਕਾਰ ਹਨ-

**(ੳ) ਗੋਬਿੰਦ ਘਾਟ-** ਗੰਗਾ ਦੇ ਕਿਨਾਰੇ ਉਹ ਸਥਾਨ ਹੈ ਜਿਥੇ ਦਸਮੇਸ਼ ਜੀ ਗੰਗਾ ਦੇ ਕਿਨਾਰੇ ਕ੍ਰੀੜਾ ਕਰਿਆ ਕਰਦੇ ਸਨ ਅਤੇ ਕਿਸ਼ਤੀਆਂ ਵਿਚ ਬੈਠਕੇ ਗੰਗਾ ਦੀ ਸੈਰ ਨੂੰ ਜਾਇਆ ਕਰਦੇ ਸਨ।

**(ਅ) ਗੁਰਦੁਆਰਾ ਬੜੀ ਸੰਗਤ-** ਉਹ ਅਸਥਾਨ ਜੋ ਗਊ ਘਾਟ ਮੁਹੱਲੇ ਵਿਚ ਹੈ, ਇਥੇ ਪਾਤਸ਼ਾਹ ਜੀ ਪਟਨਾ ਸ਼ਹਿਰ ਸਭ ਤੋਂ ਪਹਿਲਾਂ ਇਥੇ ਬਿਰਾਜੇ ਸਨ। ਜੈਤ ਨਾਮਕ ਸੇਠ ਨੇ ਬੜੇ ਪ੍ਰੇਮ ਭਾਵ ਨਾਲ ਸੇਵਾ ਕੀਤੀ ਸੀ।

**(ੲ) ਮੋਹਨਮਾਈ ਦੀ ਸੰਗਤ-** ਮੋਹਨ ਮਾਈ ਬਹੁਤ ਧਾਰਮਿਕ ਖਿਆਲਾ ਵਾਲੀ ਸੀ ਜੋ ਦਸਮੇਸ਼ ਜੀ ਨਾਲ ਬਹੁਤ ਹਿਤ ਕਰਿਆ ਕਰਦੀ ਸੀ। ਉਸ ਦਾ ਪ੍ਰੇਮ ਦੇਖ ਕੇ ਦਸਮ ਪਾਤਸ਼ਾਹ ਜੀ ਉਸਦੇ ਘਰ ਚਰਨ ਪਾਇਆ ਕਰਦੇ ਸਨ ਅਤੇ ਛੋਲਿਆਂ ਦੀਆਂ ਤਲੀਆਂ ਹੋਈਆਂ ਘੁੰਗਣੀਆਂ ਛਕਿਆ ਕਰਦੇ ਸਨ। ਪਟਨਾ ਸਾਹਿਬ ਗੁਰੂ ਕਾ ਘਰ ਹੈ ਸਿੱਖ ਜਗਤ ਦਾ ਦੂਜਾ ਤਖਤ ਹੈ। ਹਰ ਗੁਰਸਿਖ ਉਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨਾ ਆਪਣ ਧੰਨ ਭਾਗ ਸਮਝਦਾ ਹੈ। ਇਸ ਸ਼ਹਿਰ ਨੂੰ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਦਸਮੇਸ਼ ਪਿਤਾ ਜੀ ਦੀ ਚਰਨ ਛੋਹ ਪ੍ਰਾਪਤ ਹੈ। ■

## ਸਹੀ ਗੱਲ

**ਸਤਿਜੁਗ ਦੇ 1 ਤੋਂ 7 ਦਸੰਬਰ 2016 ਈ. (17 ਤੋਂ 23 ਮਘੱਰ 2073) ਜਿਲਦ 24 ਨੰਬਰ 33 ਦੇ ਅੰਕ ਵਿਚ ਗੁਰੂ ਤੇਗ ਬਹਾਦਰ ਸੰਬੰਧੀ ਡਾ. ਸਤਵੰਤ ਕੌਰ ਮਠਾਰੂ ਦੇ ਲੇਖ ਵਿਚ ਇਕ ਸੱਤਰ "ਗੁਰੂ ਅਰਜਨ ਦੇਵ ਜੀ ਆਪ ਜੀ ਦੇ ਮਾਮਾ ਜੀ ਸਨ" ਇਹ ਸਹੀ ਨਹੀਂ ਛਪੀ ਇਸ ਨੂੰ ਮਾਮਾ ਜੀ ਦੀ ਥਾਂ ਤੇ 'ਦਾਦਾ' ਜੀ ਪੜ੍ਹਿਆ ਜਾਵੇ।**

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਅਕਾਲ ਪੁਰਖ ਦਾ ਨਿਯਮ ਅਟੱਲ ਹੈ



ਐਸ ਵੇਲੇ ਸੰਸਾਰ ਦਾ, ਮਾਇਆ ਦਾ ਪ੍ਰਬੰਧ ਇਸ ਤਰ੍ਹਾਂ ਦਾ ਬਣਿਆ ਹੈ ਕਿ ਸਾਡੇ ਕੋਲ ਆਪਣੇ ਬਜ਼ੁਰਗਾਂ ਕੋਲ, ਬਿਮਾਰਾਂ ਕੋਲ, ਅਪਾਹਜਾਂ ਕੋਲ, ਬਹਿਣ ਲਈ ਬਿਲਕੁਲ ਵਕਤ ਨਹੀਂ। ਜਿਹੜੇ ਆਦਮੀਂ ਨਹੀਂ ਕਿਤੇ ਆ ਜਾ ਸਕਦੇ ਉਨ੍ਹਾਂ ਕੋਲ ਬਹਿਣਾ ਸਾਡੇ ਵਾਸਤੇ ਬੜਾ ਮੁਸ਼ਕਲ ਹੈ। ਸਾਡੇ ਕੰਮ ਬੜੇ ਨੇ, ਵਿਹਾਰ ਬੜੇ ਨੇ। ਅਸੀਂ ਇਹ ਨਹੀਂ ਵੇਖਦੇ ਕਿ ਜਿਹੜਾ ਇਹ ਅਪਾਹਜ ਹੈ, ਜਿਹੜਾ ਸਾਡਾ ਬਜ਼ੁਰਗ ਹੈ, ਇਹਦੇ ਹੁੰਦਿਆਂ ਸਾਰੇ ਕੰਮ ਚੱਲੀ ਜਾਂਦੇ ਨੇ, ਬਗੈਰ ਇਹਦੀ ਮਰਜ਼ੀ ਤੋਂ। ਆਦਮੀ ਤਾਂ ਇਹ ਹੀ ਸੋਚਦਾ ਹੈ ਕਿ ਮੇਰੇ ਹੁੰਦਿਆਂ ਮੇਰੀ ਮਰਜ਼ੀ ਤੋਂ ਬਿਨਾਂ ਕਿਉਂ ਚੱਲੇ ਕੰਮ। ਪਰ ਅਕਾਲ-ਪੁਰਖ ਦਾ ਅਟੱਲ ਨਿਯਮ ਹੈ, ਉਹਦੇ ਮੁਤਾਬਕ ਆਦਮੀ ਬਿਮਾਰ ਹੋ ਕੇ ਮੰਜੀ ਤੇ ਪੈ ਜਾਂਦਾ ਹੈ ਕੰਮਾਂ 'ਚ ਕੋਈ ਰੁਕਾਵਟ ਨਹੀਂ ਪੈਂਦੀ।

## ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ

ਅਸੀਂ ਜੋ ਭਜਨ-ਬਾਣੀ ਕਰਦੇ ਹਾਂ, ਇਹ ਸਭ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਹੈ। ਠੀਕ ਹੈ ਸਾਡਾ ਜੀਅ ਕਰਦਾ ਹੈ ਕਿ ਮੈਂ ਆਪਣੇ ਪੁੱਤਰ ਦੀ ਤੰਦਰੁਸਤੀ ਵਾਸਤੇ ਅਖੰਡ ਪਾਠ ਕਰਾਂ, ਮੈਨੂੰ ਜ਼ਮੀਨ ਮਿਲੇ, ਟ੍ਰੈਕਟਰ ਮਿਲੇ, ਇਸ ਵਾਸਤੇ ਕਰਾਂ। ਪਰ ਸਭ ਤੋਂ ਵਧੀਆ ਉੱਦਮ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਕਰਨਾ ਹੈ।

## ਟੀ. ਵੀ. ਛੱਡ ਕੇ ਨਾਮ ਸਿਮਰਨ ਕਰਿਆ ਜਾਵੇ

ਤੁਸੀਂ ਸਾਰੇ ਸਰੀਰ ਜਿਹੜੇ ਵੀ ਆਏ ਹੋ, ਘੱਟੋ-ਘੱਟ ਦੋ ਘੰਟੇ ਸੂਰਜ ਚੜ੍ਹਨ ਤੋਂ ਪਹਿਲੋਂ ਜ਼ਰੂਰ ਉਠਿਆ ਕਰੋ। ਇਹ ਕੋਸ਼ਿਸ਼ ਕਰੋ ਪਿਆਰ ਨਾਲ, ਪ੍ਰੇਮ ਨਾਲ ਟੀ.ਵੀ. ਸਾਡੇ ਘਰਾਂ 'ਚ ਨਾ ਰਹਿਣ। ਜਦੋਂ ਨਹੀਂ ਸਨ ਸਾਡੇ ਘਰਾਂ 'ਚ, ਕੀ ਉਦੋਂ ਸਾਨੂੰ ਰੋਟੀ ਨਹੀਂ ਸੀ ਮਿਲਦੀ, ਸਾਡੀ ਦਿਹਾੜੀ ਨਹੀਂ ਸੀ ਲੰਘਦੀ। ਜੇ ਅਜੇ ਏਥੇ ਤੱਕ ਨਹੀਂ ਪਹੁੰਚਦੇ ਕਿ ਦਿਹਾੜੀ ਨਾਮ ਸਿਮਰਨ ਕਰਕੇ, ਬਾਣੀ ਪੜ੍ਹ ਕੇ ਲੰਘਾਈ ਜਾਵੇ। ਘੱਟ ਤੋਂ ਘੱਟ ਟੀ.ਵੀ. ਤੇ ਨਾ ਵੇਖਿਆ ਜਾਵੇ। ਅੰਗਰੇਜ਼ੀ ਦੇ ਟ੍ਰਿਬਿਊਨ ਅਖਬਾਰ 'ਚ ਛਪਿਆ ਸੀ ਕਿ ਬਹੁਤਾ ਟੀ.ਵੀ. ਵੇਖਣ ਨਾਲ ਆਂਤੜੀਆਂ ਦੇ ਰੋਗ ਹੋ ਜਾਂਦੇ ਨੇ।

# ਉਪਦੇਸ਼ ਸ੍ਰੀ ਸਤਿਗੁਰੂ ਉਦੈ ਸਿੰਘ ਜੀ

# ਸਾਨੂੰ ਸਤਿਗੁਰੂ ਜੀ ਦੇ ਪਰਉਪਕਾਰ ਸਦਾ ਯਾਦ ਰਹਿਣ



ਸਾਧ ਸੰਗਤ ਜੀ ਇਕ ਵਾਰੀ ਮਨ ਬਿਰਤੀ ਇਕਾਗਰ ਕਰੋ ਰਸਨਾ ਪਵਿੱਤਰ ਕਰੋ ਸਾਰੇ ਬੜੇ ਪਿਆਰ ਨਾਲ ਗਜ ਕੇ ਆਖੋ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ। ਸਾਧ ਸੰਗਤ ਜੀ ਇਸ 13 ਦਸੰਬਰ ਨੂੰ ਸਤਿਗੁਰੂ ਸਚੇ ਪਾਤਸ਼ਾਹ ਜੀ ਦੇਹ ਕਰਕੇ ਆਪਣੇ ਤੋਂ ਵਿਛੜਿਆਂ ਚਾਰ ਸਾਲ ਪੂਰੇ ਹੋ ਗਏ ਹਨ। ਜਿਸ ਤਰ੍ਹਾਂ ਕਿ ਆਪਾਂ ਸਦਾ ਹੀ ਆਪਣੇ ਆਪ ਮਹਿਸੂਸ ਕੀਤਾ ਹੈ ਤੇ ਸਦਾ ਹੀ ਉਹਨਾਂ ਨੂੰ ਆਪਣੇ ਆਪ ਵਿਚ ਮਹਿਸੂਸ ਕਰਾਂਗੇ। ਉਸ 13 ਤਾਰੀਕ ਨੂੰ ਇਥੇ ਸ੍ਰੀ ਭੈਣੀ ਸਾਹਿਬ ਸਚੇ ਪਾਤਸ਼ਾਹ ਜੀ ਦੀ ਯਾਦ ਵਿਚ ਮੇਲਾ ਕੀਤਾ ਗਿਆ ਅਤੇ ਵਧ ਤੋਂ ਵਧ ਸੰਗਤਾਂ ਨੇ ਆਕੇ ਦਰਸ਼ਨ ਕੀਤੇ। ਜਿਥੇ ਜਿਥੇ ਵੀ ਨਾਮਧਾਰੀ ਸਾਧ ਸੰਗਤ ਹੈ ਉਥੇ ਉਥੇ 10 ਮਿੰਟ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਯਾਦ ਵਿਚ ਨਾਮ ਸਿਮਰਨ ਕੀਤਾ ਉਹ ਇਕੋ ਟਾਈਮ ਸਾਰੀ ਦੁਨੀਆਂ ਵਿਚ ਰਖਿਆ ਗਿਆ ਅਤੇ ਭਾਰਤ ਵਿਚ 6.28 ਮਿੰਟ ਤੋਂ 6.38 ਮਿੰਟ ਤਕ ਦਾ ਰਖਿਆ ਗਿਆ। ਹਰ ਜਗ੍ਹਾ ਕੋਈ ਵੀ ਸੱਜਣ ਐਸਾ ਨਾ ਹੋਵੇ ਜਿਹੜਾ ਨਾਮ ਸਿਮਰਨ ਨਾ ਕਰਦਾ ਹੋਵੇ।

ਤੇ ਆਪਾਂ ਸਾਰਿਆਂ ਦਾ ਇਹ ਫਰਜ਼ ਹੈ ਕਿ ਸੱਚੇ ਪਾਤਸ਼ਾਹ ਜੀ ਦੀ ਯਾਦ ਸਦਾ ਹੀ ਸਾਡੇ ਮਨਾਂ ਵਿਚ ਬਣੀ ਰਹੇ ਅਤੇ ਉਹਨਾਂ ਦੇ ਪਰਉਪਕਾਰ ਯਾਦ ਰਹਿਣ। ਉਹਨਾਂ ਦੇ ਪਰਉਪਕਾਰ ਯਾਦ ਕਰਾਂਗੇ, ਉਹਨਾਂ ਦੀਆਂ ਬਖਸ਼ਿਸ਼ਾਂ ਯਾਦ ਕਰਾਂਗੇ ਉਹੀ ਘੜੀ ਸਾਡੇ ਲਈ ਸੁਲੱਖਣੀ ਹੋਵੇਗੀ। ਉਹੀ ਘੜੀ ਸਾਡੇ ਲੇਖੇ ਲਗਣੀ ਹੈ, ਉਹੀ ਘੜੀ ਚੰਗੀ ਲਗਣੀ ਹੈ ਉਹ ਬਖਸ਼ਿਸ਼ ਸਾਰਿਆਂ ਤੋਂ ਉਪਰ ਹੈ ਇਸ ਕਰਕੇ ਕੋਈ ਵੀ ਸਿੰਘ ਵਾਂਝਾਂ ਨਾ ਰਹੇ। ਸੱਚੇ ਪਾਤਸ਼ਾਹ ਕਿਰਪਾ ਕਰਨ ਆਪਾਂ ਵਧ ਤੋਂ ਵਧ ਜੱਸ ਕਰ ਸਕੀਏ। ਇਹ ਅਰਜ਼ ਕਰਕੇ ਮੈਂ ਖਿਮਾ ਦਾ ਜਾਚਕ ਹਾਂ। ਸਤਿ ਸ੍ਰੀ ਅਕਾਲ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

# ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ

# ਮਲੇਰਕੋਟਲੇ ਦੇ 66 ਸ਼ਹੀਦਾਂ ਨਮਿਤ

# ਰਾਜ ਪੱਧਰੀ ਸਮਾਗਮ




**ਮੁੱਖ ਮਹਿਮਾਨ : ਸ. ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ ਪੰਜਾਬ)**

**ਤਾਰੀਖ਼: 17 ਜਨਵਰੀ 2017 ਮੁਤਾਬਿਕ 4 ਮਾਘ 2073 ਬਿ. (ਮੰਗਲਵਾਰ)**

**ਸਥਾਨ : ਨਾਮਧਾਰੀ ਸ਼ਹੀਦੀ ਸਮਾਰਕ ਮਲੇਰਕੋਟਲਾ (ਪੰਜਾਬ)**

*ਵਿਸ਼ੇਸ਼ ਪ੍ਰੋਗਰਾਮ :* ❖ ਨਾਮ ਸਿਮਰਨ ❖ ਕਥਾ ਕੀਰਤਨ ❖ ਜਥੇਦਾਰਾਂ ਦੇ ਦਿਵਾਨ ❖ ਵਿਦਵਾਨਾਂ ਦੇ ਭਾਸ਼ਣ

ਇਸ ਸਮੇਂ ਹੋਰ ਵੀ ਧਾਰਮਿਕ, ਸਮਾਜਕ ਤੇ ਰਾਜਨੀਤਕ ਆਗੂ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ।

ਨੋਟ : ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਪ੍ਰੋਗਰਾਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ।

# ਨਾਮਧਾਰੀ ਦਰਬਾਰ–ਸ੍ਰੀ ਭੈਣੀ ਸਾਹਿਬ (ਪੰਜਾਬ)

# SEMINAR ON "NAMDHARI-DOGRA RELATIONS; FORMATION OF KUKA REGIMENTS IN J & K" INAUGURATED BY SRI SATGURU UDAY SINGH JI IN JAMMU.




**Sri Satguru Uday Singh Ji inaugurating the Seminar on "Namdhari - Dogra Relations, Formation of Kuka Regiments in J & K" by lighting the lamp at Abhinav auditorium, Jammu.**

Namdhari Sangat Jammu and Kashmir and Shaheed-e-Azam Bhagat Singh Foundation organized a seminar on "Namdhari-Dogra Relations; Formation of Kuka Regiments in J&K" in collaboration with History department of University of Jammu in the divine presence of Sri Satguru Uday Singh ji at Abhinav Theater auditorium as the part of 200th Birth anniversary of Sri Satguru Ram Singh ji.

Sri Satguru Uday Singh ji in his address to the participants stressed upon to live upto the standards of life as taught by Sri Satguru Ram Singh ji. He said that Sri Satguru ram Singh ji the pioneer of freedom struggle and the non cooperative movement in India against the British always stressed upon the gender equality . Sri Satguru Uday Singh ji further stressed to educate the women and stop female infanticide. He further stressed upon the youth to avoid intoxication of every type and build a strong nation. Sri Satguru Uday Singh ji inaugurated the programme by lighting the ceremonial lamp.

C.A. Satpal Sharma Hon'ble MLA and the President State BJP while speaking on the occasion said that Sri Satguru ji kind enough to give His blessings to the person like me. He said that we must follow path shown by Sri Satguru Ram Singh ji.

Padamshree Er. S.P. Varma international Vice-President Gandhi Global Family while presenting his respect to Satguru ji said that Jammu is lucky to have personality like Sri Satguru ji amongst us.

While presenting paper on the subject authors said that Maharaja Ranbir Singh was having very cordial relations with the Anti British forces in rest of India. He always tried to encourage them. His approach towards nationalist people was very significant. His relations with Kukas were well known therefore in the" course of 1870 the Maharaja raised two companies of Kukas, of one hundred men each, with the intention of making them the recruiters, whom he sent into the Punjab were to obtain men of good family and there physique . The 200 Kukas were kept at Jammu for some time, and then they were transferred to Srinagar. Presents were often bestowed on them irrespective of their pay and a prominent place was assigned to those who wished to go to the wazir's Durbar. But suddenly in the end of year, they probably due to the desire of government to conceal the fact that it was employing men whom the British Government would not take in its ranks. The British Government seems to be much concerned about Kukas recruiting by Kashmir Darbar" It is mentioned in the history books that Maharaja Ranbir Singh in order to muster support from Russia against the British sent Kuka emissaries from Punjab along with his spies.

Prof. Shailender Singh Jamwal of History Department of JU, Sh. Arvind Singh Ph.D., Sant Harpal Singh, S. Suwarn Singh Virk presented papers on the topic.

Prof. Shailander Singh announced on the occasion that a subject on Kuka regiments will be introduced in the Post Graduate courses of History Department in Jammu University so that more research can be done on the topic.

Shabad Kirtan by Hajuri Ragi Sant Balwant Singh, Sant Hakam singh accompanied on Tabla by Sant Chanchal Singh and local Vidiyak Jatha was also presented on the occasion. As photo exhibition of Namdhari history and Martyrs was also displayed on the occasion by special arrangements from Sri Bhaini Sahib. Namdhari Vidiyak Jatha Jammu organized langar on the occasion for the participants.

Sh. Rajesh Gupta Hon'ble MLA, Sh. Probodh Kapahi V.President State BJP, Baba Ajit Singh ji Pramukh Sant Nirankari Mission J&K, Sant Gurmukh Singh Rehbar General secretary Vishaw Namdhari Sangat, President Gyani Joginder Singh Namdhari Sangat Ludhiana, Suba Harbhajan Singh( Ludhiana), Suba Arvind Singh( Delhi), Suba Sham Singh, Suba Sukdev Singh( Jammu), Suba Amrik Singh( Amritsar), Sant Sukhvinder singh Lyall Secretary Vishav Namdhari Vidiyak Jatha,Sh. Manish Joshi President GGF ( Youth wing) were present amoung others.

Sant Amar Singh Kuka presented Vote of Thanks.

**Dr. Taran Singh**
**President**
**Namdhari Sangat , J & K**

# SRI SATGURU UDAY SINGH JI INAUGURATED FREE MEDICAL CAMP ORGANIZED BY GOVERNMENT AYURVEDIC HOSPITAL AT ABHINAV THEATER, JAMMU.

On the occasion of Seminar on Namdhari- Dogra Relations and Formation of Kuka Regiments in J&K, Government Ayurvedic Hospital Jammu in collaboration with Shaheed-e-Azam Bhagat Singh Foundation organized a Free Ayurvedic Medical camp for the benefit of participants at Abhinav Theater Jammu.

Sri Satguru Uday Singh ji inaugurated the camp. Sri Satguru ji stressed upon the people to protect the girl child and educate them.

Ayurved can help the people in many ways. Only healthy body can have spiritually healthy mind.

Dr. Taran Singh Medical Superintendent said that this system can generate employment for unemployed and at the same time it can help people to increase their family income by adopting cultivation and marketing of medicinal plants. He further added that the Ayurved have an age old acceptance both at home and abroad, J&K being no exception there is paradigm shift towards AYUSH World over, more and more people are attracted towards this system. During last period of time many patients shifted to Ayurvedic method of treatment by the awareness done by Government Ayurvedic Hospital through its outreach programme in which thousands of patients got benefit.

More than 200 people were benefitted by the camp and were provided medicine free of cost.



**Sri Satguru Uday Singh Ji blessing the organisers and staff after inauguration of Free Ayurvedic Medical Camp at Government Ayurvedic Hospital, Jammu.**

Dr. Sonika Gupta,Dr. Shivani Koul, Shefali Sharma, Dr. Bhanu Priya, Dr. Mamta Pandey, Dr. Benazir, Sh. Mohinder Singh Senior Pharmacist, Sh. Rajinder Kumar, Sh. Ravel Chand and other staff of the hospital extended their services for the camp.

***-Dr. Taran Singh, Medical Superintendent***

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ

**ਦੇਵਿੰਦਰ ਸਿੰਘ ਗਿੱਲ ਜੀਆ ਨੱਥਾ**

ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਸਾਹਿਬਜ਼ਾਦਿਆਂ ਦੀ ਅਦੁਤੀ ਸ਼ਹਾਦਤ ਨੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ ਉਹਨਾਂ **"ਸਿਰ ਦੀਜੈ ਕਾਣਿ ਨਾ ਕੀਜੈ"** ਦੇ ਮਹਾਂਵਾਕ ਨੂੰ ਸੱਚ ਕਰ ਵਿਖਾਇਆ। ਪ੍ਰਤੂੰ ਉਹਨਾਂ ਦੀ ਸ਼ਹਾਦਤ ਕਿਵੇਂ ਹੋਈ ? ਇਸ ਬਾਰੇ ਸਾਡੇ ਵਿਦਵਾਨਾਂ ਨੇ ਘੱਟ ਹੀ ਧਿਆਨ ਦਿੱਤਾ ਹੈ। ਸਾਡੇ ਕੁੱਝ ਲਿਖਾਰੀਆਂ ਅਨੁਸਾਰ ਜਦੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਦੀ ਨਗਰੀ ਨੂੰ ਛੱਡਿਆ ਤਾਂ ਰਾਤ ਦੇ ਸਮੇਂ ਸਰਸਾ ਨੰਦੀ ਦੇ ਕੰਢੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਦਸਮ ਗੁਰੂ ਜੀ ਤੋਂ ਅਲੱਗ ਹੋ ਕੇ ਗੰਗੂ ਬ੍ਰਾਹਮਣ ਜੋ ਇਕ ਰਵਾਇਤ ਅਨੁਸਾਰ ਗੁਰੂ ਘਰ ਦਾ ਬਾਰਾਂ ਸਾਲ ਰਸੋਈਆ ਰਿਹਾ ਸੀ, ਨਾਲ ਉਸਦੇ ਪਿੰਡ ਚਲੇ ਗਏ। ਉਸ ਦਾ ਮਨ ਮਾਤਾ ਗੁਜਰੀ ਜੀ ਦੀ ਮੋਹਰਾਂ ਵਾਲੀ ਖੁਰਜੀ ਵੇਖ ਕੇ ਬੇਈਮਾਨ ਹੋ ਗਿਆ ਤੇ ਲਾਲਚ ਵਸ ਉਸਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਸੂਬੇਦਾਰ ਕੋਲ ਪਕੜਾ ਦਿਤਾ ਜਿਸਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਦੇ ਵਿਚ ਚਿਣ ਕੇ ਸ਼ਹੀਦ ਕਰਵਾ ਦਿੱਤਾ।

ਉਪਰੋਕਤ ਕਹਾਣੀ ਨੂੰ ਸਾਡੇ ਇਤਿਹਾਸਕਾਰ ਅਤੇ ਪ੍ਰਚਾਰਕ ਬੜੇ ਕਰੁਣਾਮਈ ਢੰਗ ਨਾਲ ਲਿਖਦੇ ਤੇ ਗਾਉਂਦੇ ਆਏ ਹਨ ਪ੍ਰਤੂੰ ਮੇਰੇ ਅਧਿਐਨ ਅਨੁਸਾਰ ਇਹ ਕਹਾਣੀ ਸਹੀ ਨਹੀ ਹੈ। ਅਸਲ ਵਿੱਚ ਲਿਖਾਰੀਆਂ ਨੇ ਵੀ ਪੁਰਾਤਨ ਇਤਿਹਾਸਕ ਸਰੋਤ ਗ੍ਰੰਥਾਂ ਦੀ ਖੋਜ ਕਰਨ ਦੀ ਲੋੜ ਨਹੀਂ ਸਮਝੀ। ਉਹਨਾਂ ਸਿਰਫ ਏਧਰੋਂ ਉਧਰੋਂ ਜੋੜ ਤੋੜ ਕਰਕੇ ਉਸ ਘਟਨਾ ਨੂੰ ਲਿਖ ਛਡਿਆ ਹੈ। ਇਤਿਹਾਸਕ ਗ੍ਰਥਾਂ ਦੀ ਪੜਤਾਲ ਕਰਨ ਤੋਂ ਪਤਾ ਲਗਦਾ ਹੈ ਕਿ ਮਾਤਾ ਜੀ ਤੇ ਸਾਹਿਬਜ਼ਾਦੇ ਸਰਸਾ ਨਦੀ ਦੇ ਕੰਢੇ ਤੇ ਨਹੀਂ ਬਲਕਿ ਚਮਕੌਰ ਸਾਹਿਬ ਜਾ ਕੇ ਗੁਰੂ ਜੀ ਤੋਂ ਅਲਗ ਹੋਏ ਸਨ। ਫਿਰ ਉਸ ਸਮੇਂ ਗੰਗੂ ਨਾਮ ਦਾ ਗੁਰੂ ਘਰ ਦਾ ਕ ਈ ਰਸੋਈਆ ਉਥੇ ਮੌਜੂਦ ਨਹੀਂ ਸੀ। ਕੁੱਝ ਲਿਖਾਰੀਆਂ ਨੇ ਧੱਕੇ ਨਾਲ ਹੀ ਉਸ ਦਾ ਨਾਮ ਸਾਹਿਬਜ਼ਾਦਿਆਂ ਨਾਲ ਜੋੜ ਦਿੱਤਾ ਹੈ।

ਜਿਸ ਕਰਕੇ ਹੁਣ ਤੱਕ ਵੀ ਗੁਰਦੁਆਰਿਆਂ ਵਿਚ ਜੋੜ ਮੇਲੇ ਮਨਾਏ ਜਾਂਦੇ ਹਨ ਤਾਂ ਗੰਗੂ ਬ੍ਰਾਹਮਣ ਦਾ ਨਾਮ ਵਾਰ ਵਾਰ ਢਾਢੀਆਂ, ਕਵੀਸ਼ਰਾਂ ਅਤੇ ਪ੍ਰਚਾਰਕਾਂ ਵਲੋਂ ਸਮੁੱਚੇ ਹਿੰਦੂ ਸਮਾਜ ਨੂੰ ਹੀ ਕੋਸਿਆ ਜਾਂਦਾ ਹੈ। ਮੈਂ ਇਸ ਲੇਖ ਵਿਚ ਗੰਗੂ ਬ੍ਰਾਹਮਣ ਦੀ ਹਾਜ਼ਰੀ ਬਾਰੇ ਇਤਿਹਾਸਿਕ ਗ੍ਰੰਥਾਂ ਦੇ ਪ੍ਰਮਾਣਾਂ ਨਾਲ ਵਿਚਾਰ ਕਰ ਰਿਹਾ ਹਾਂ–

17 ਮੱਘਰ 1762 ਬਿਕਰਮੀ (1705 ਈਸਵੀ) ਦੀ ਚਾਨਣੀ ਰਾਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਛੱਡਿਆ। ਜੋ ਕਈ ਲਿਖਾਰੀ 8 ਪੋਹ ਦੀ ਰਾਤ ਨੂੰ ਇਸ ਘਟਨਾ ਨਾਲ ਜੋੜਦੇ ਹਨ, ਉਹ ਗਲਤ ਹੈ। ਗੁਰੂ ਜੀ ਆਪਣੀ ਰਚਨਾ 'ਜਫਰਨਾਮਾ' ਵਿਚ ਲਿਖਦੇ ਹਨ–

***ਚਰਾਗਿ ਜਹਾਂ ਚੂੰ ਸ਼ੁਦ ਬੁਰਕਾ ਪੋਸ਼।।***
***ਸ਼ਹਿ ਸ਼ਬਦ ਬਰਾਮਦ, ਹਮਾ ਜਲਵਾ ਜੋਸ਼।।***

ਇਸ ਦਾ ਅਰਥ ਹੈ, "ਜਦੋਂ ਦੁਨੀਆਂ ਦੇ ਦੀਵੇ (ਸੂਰਜ) ਨੇ ਮੂੰਹ ਢਕ ਲਿਆ ਤਾਂ ਰਾਤ ਦਾ ਰਾਜਾ ਚੰਦਰਮਾ ਪੂਰੀ ਸਜ ਧਜ ਨਾਲ ਆਇਆ। " ਹੁਣ ਜੇਕਰ 8 ਪੋਹ ਦੀ ਰਾਤ ਮੰਨੀਏ ਤਾਂ ਉਦੋਂ ਕੁੱਝ ਹਨੇਰੀ ਰਾਤ ਹੁੰਦੀ ਹੈ ਅਤੇ ਚੰਦਰਮਾ ਦਾ ਚਾਨਣ ਨਹੀਂ ਹੁੰਦਾ। ਪ੍ਰਤੂੰ ਇਸਦੇ ਉਲਟ 17 ਮਘਰ ਨੂੰ ਚੰਦਰਮਾ ਪੂਰੀ ਜੁਆਨੀ ਤੇ ਹੁੰਦਾ ਹੈ ਅਰਥਾਤ ਮਘਰ ਸੁਦੀ ਤ੍ਰੋਦਸੀ ਨੂੰ ਪ੍ਰਵਿਸਟਾ 17 ਮੱਘਰ ਹੀ ਨਿਸਚਿਤ ਹੁੰਦਾ ਹੈ। ਇਸ ਦੀ ਪ੍ਰੋੜਤਾ ਕੇਸਰ ਸਿੰਘ ਛਿੱਬਰ ਨੇ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ" (ਰਚਨਕਾਲ 1769 ਈਸਵੀ) ਵਿਚ ਕੀਤੀ ਹੈ–

*ਮੰਘਰ ਮਹੀਨੇ ਅਸੀ ਨਿਸਾ ਕੂਚ ਕੀਤਾ।*
*ਲੋਕ ਅਪਨਾ ਸਭ ਇਕਠਾ ਕਰਿ ਲੀਤਾ।*
*ਨਿਸਾ ਕਾਲੀ ਰਾਤ ਰਥ*
*ਮਾਤਾ ਦਾ ਭੁਲ ਗਇਆ।*
*ਸਹੇੜੀ ਗਿਰਾਉਂ ਰੰਗੜਾਂ ਦਾ*
*ਤਿਤ ਮਾਰਗ ਪਇਆਂ।*

ਆਨੰਦਪੁਰ ਸਾਹਿਬ ਛੱਡਣ ਸਮੇਂ ਮੁਗਲ ਫੌਜ ਨੇ ਸਿਖਾਂ ਉਪਰ ਹਮਲਾ ਕਰ ਦਿੱਤਾ, ਜਿਸ ਕਾਰਨ ਹਫੜਾ ਦਫੜੀ ਮਚ ਗਈ। ਉਸ ਸਮੇਂ ਅਨੇਕ ਸਿੰਘ ਲੜਦੇ ਹੋਏ ਸ਼ਹੀਦ ਹੋ ਗਏ ਪ੍ਰਤੂੰ ਸਿਖਾਂ ਨੇ ਦੁਸ਼ਮਣ ਨੂੰ ਕਾਫੀ ਸਮਾਂ ਰੋਕੀ ਰਖਿਆ। ਅਗੇ ਸਰਸਾ ਨਦੀ ਵਿਚ ਹੜ ਆਇਆ ਹੋਇਆ ਸੀ। ਉਥੇ ਬੇਸ਼ੁਮਾਰ ਕੀਮਤੀ ਸਾਹਿਤ ਜੋ ਦਸਮ ਪਾਤਸ਼ਾਹ ਜੀ ਅਤੇ ਹਜ਼ੂਰੀ ਕਵੀਆਂ ਦੁਆਰਾ ਰਚਿਆ ਗਿਆ ਸੀ, ਉਹ ਸਰਸਾ ਨਦੀ ਦੇ ਵਹਿਣ ਵਿਚ ਵਹਿ ਗਿਆ। ਅਜੋਕੇ ਲਿਖਾਰੀਆਂ ਦਾ ਮੱਤ ਹੈ ਕਿ ਏਥੋਂ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਸਮੇਤ ਗੰਗੂ ਰਸੋਈਏ ਨਾਲ ਉਸਦੇ ਪਿੰਡ ਚਲੇ ਗਏ ਸਨ ਗੁਰੂ ਜੀ ਦੇ ਜੀਵਨ ਦੇ ਨੇੜੇ ਦੇ ਸਰੋਤਾਂ ਅਨੁਸਾਰ ਮਾਤਾ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਚਮਕੌਰ ਤਕ ਗੁਰੂ ਜੀ ਨਾਲ ਗਏ ਸਨ। ਛੋਟੇ ਸਾਹਿਬਜ਼ਾਦਿਆਂ ਬਾਰੇ ਸਭ ਤੋਂ ਪੁਰਾਤਨ ਲਿਖਤ "ਕਥਾ ਗੁਰੂ ਜੀ ਕੇ ਸੁਤਨ ਕੀ" ਕ੍ਰਿਤ ਦੁਨਾ ਸਿੰਘ ਹੰਡੂਰੀਆ ਦੀ ਹੈ, ਜਿਸ ਨੂੰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਦੁਨਾ ਸਿੰਘ ਹੰਡੂਰੀਆ ਉਸ ਭਿਆਨਕ ਸਮੇਂ ਸਾਹਿਬਜ਼ਾਦਿਆਂ ਦੇ ਨਾਲ ਸੀ ਜਿਵੇਂ ਕਿ–

*ਮੀਆ ਮਾਲਤੀ*
*ਸ੍ਰੀ ਫਤਹਿ ਸਿੰਘ ਜੋਰਾਵਰ ਸਿੰਘ*
*ਬਹੁਰ ਮਾਤ ਜੀ ਭਨੰ।*
*ਦੁਨਾ ਸਿੰਘ ਤਖਾਣ ਸਿਖ*
*ਹੰਡੂਰ ਬਾਸੀ ਤਾ ਗਨੰ।*
*ਸਭ ਏਕ ਦਾਸੀ - ਪੰਚ ਥੇ,*
*ਚਮਕੌਰ ਤੇ ਯਹ ਦ੍ਵੈ ਹਦੇ*
*ਦੁਨਾ ਸਿੰਘ ਜੋ ਏਕ ਦਾਸੀ,*
*ਤਿਸੀ ਭਾਜੜ ਮੈ ਸਟੈ।*

ਦਸਮ ਪਾਤਸ਼ਾਹ ਜੀ ਲੜਦੇ ਭਿੜਦੇ ਚਮਕੌਰ ਸਾਹਿਬ ਜਾ ਪਹੁੰਚੇ ਅਤੇ ਉਹਨਾਂ ਦੇ ਨਾਲ ਹੀ ਰਾਤ ਦੇ ਸਮੇਂ ਠੋਕਰਾਂ ਖਾਂਦੇ ਇਹ ਪੰਜੇ (ਦੋਵੇਂ ਸਾਹਿਬਜ਼ਾਦੇ, ਮਾਤਾ ਗੁਜਰੀ ਜੀ, ਦੁਨਾ ਸਿੰਘ ਹੰਡੂਰੀਆ ਅਤੇ ਇਕ ਦਾਸੀ) ਚਮਕੌਰ ਸਾਹਿਬ ਪਹੁੰਚੇ ਅਤੇ ਕੁੰਮੇ ਮਾਸ਼ਕੀ ਦੇ ਘਰ ਠਹਿਰੇ। ਉਥੇ ਲਛਮੀ ਨਾਮ ਦੀ ਬ੍ਰਾਹਮਣੀ ਉਹਨਾਂ ਨੂੰ ਭੋਜਨ ਛਕਾਉਂਦੀ ਰਹੀ ਜਿਸਨੂੰ ਮਾਤਾ ਗੁਜਰੀ ਜੀ ਨੇ ਖੁਸ਼ ਹੋ ਕੇ ਕਈ ਪ੍ਰਕਾਰ ਦੀ ਬਖਸ਼ਿਸ਼ ਕੀਤੀ ਸੀ, ਜਿਵੇਂ ਕਿ–

*ਚੌਪਈ*
*ਇਕ ਸੱਕਾ ਹਿੰਦੂ ਤਹਿ ਆਈ।*
*ਤੁਰਕ ਜੋਰ ਤਿਹ ਜਨਮ ਵਟਾਹੀ।*
*ਕੁੰਮੇ ਤੇ ਕੀਮਾ ਤਿਹ ਕੀਨਾ।*
*ਤਿਸ ਹੀ ਕੈ ਗ੍ਰਿਹ ਬਾਸਾ ਲੀਨਾ।*
*ਤਹਾਂ ਏਕ ਬ੍ਰਾਹਮਨੀ ਰਹੈ।*
*'ਲਛਮੀ' ਨਾਮ ਤਾਸ ਜਗ ਕਹੈ।*
*ਵਹੁ ਪ੍ਰਸਾਦਿ ਕਰਿ ਹਮੈ ਜਿਵਾਵੈ।*
*ਤਿਸ ਕੈ ਗ੍ਰਿਹ ਮੈ ਆਪ ਲਯਾਵੈ।।5।।*
*ਦੋਹਰਾ*
*ਦੋਇ ਮੋਹਰ ਕੀ ਆਰਸੀ,*
*ਪੰਚ ਚੂੜੀਆ ਸਾਥ।*
*ਤਿਸੀ ਬ੍ਰਾਹਮਨੀ ਕੋ ਦਈ,*
*ਜੋ ਪ੍ਰਸਾਦ ਵਹ ਖ੍ਵਾਤ।।6।।*

ਮਾਤਾ ਜੀ ਨੇ ਖੁਸ਼ ਹੋ ਕੇ ਲਛਮੀ ਬ੍ਰਾਹਮਣੀ ਨੂੰ ਪੰਜ ਸੋਨੇ ਦੀਆਂ ਚੂੜੀਆਂ ਅਤੇ ਦੋ ਮੋਹਰ ਦੀ ਆਰਸੀ ਦਿਤੀਆਂ।

ਚਮਕੌਰ ਸਾਹਿਬ ਸੂਹ ਮਿਲਣ ਤੇ ਪਿੰਡ ਸਹੇੜੀ ਦੇ ਦੋ ਮਸੰਦ ਦਰਬਾਰੀ ਅਤੇ ਧੂਮਾ ਮਾਤਾ ਜੀ ਨੂੰ ਮਿਲਣ ਆਏ ਅਤੇ ਬੇਨਤੀ ਕਰਕੇ ਉਹ ਦੋਵੇਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਆਪਣੇ ਪਿੰਡ ਸਹੇੜੀ ਲੈ ਗਏ। ਰਸਤੇ ਵਿਚ ਇਹਨਾਂ ਨੇ ਦੇਖਿਆ ਕਿ ਮਾਤਾ ਜੀ ਕੋਲ ਗੁਰੂ ਜੀ ਦਾ ਅਪਾਰ ਖਜ਼ਾਨਾ ਹੈ। ਉਹਨਾਂ ਦੇ ਮਨ ਬੇਈਮਾਨ ਹੋ ਗਏ। ਉਹਨਾਂ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਕੋਲ ਪਕੜਾ ਦਿਤਾ ਜਿਵੇਂ ਕਿ ਦੁਨਾ ਸਿੰਘ ਦੀ ਲਿਖਤ ਤੋਂ ਪਤਾ ਲਗ ਜਾਂਦਾ ਹੈ–



**ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਨਾਲ**

*ਚੌਪਈ*
*ਅਬੈ ਇਕ ਕਥਾ ਅਵਰ ਜਨਾਊ,*
*ਜੋ ਜੋ ਬੀਤੀ ਸਭੈ ਸੁਨਾਊਂ।।*
*ਦੋਇ ਮਸੰਦ ਸਹੇੜੀ ਰਹੈਂ,*
*ਇਕ ਦਰਬਾਰੀ ਧੂਮਾ ਕਹੈਂ।।*
*ਸੋਰਠਾ।।*
*ਤਿਨੈ ਸੁਨੀ ਯਹ ਬਾਇ,*
*ਤਹਾਂ ਖੇਡ ਐਸੇ ਭਯੋ।।*
*ਆਹਿ ਤਿਤਹੀ ਧਾਇ,*
*ਜੋ ਕਿਤ ਹੂੰ ਕੋਊ ਪਾਈਐ।।*

ਹੁਣ ਜਦੋਂ ਮਾਤਾ ਜੀ ਅਤੇ ਦੋਵੇਂ ਸਾਹਿਬਜ਼ਾਦੇ ਪਿੰਡ ਸਹੇੜੀ ਵਿਖੇ ਪਹੁੰਚ ਗਏ ਤਾਂ ਪਿਛੋਂ ਚਮਕੌਰ ਦੀ ਗੜ੍ਹੀ ਵਿਚੋਂ ਦਸਮ ਗੁਰੂ ਜੀ ਚਮਕੌਰ ਵਿਚ ਕੁੰਮੇ ਮਾਸ਼ਕੀ ਦੇ ਘਰ ਸੁਨੇਹਾ ਭੇਜਿਆ ਕਿ ਉਹ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀ ਖਬਰ ਦੇਵੇ ਤਾਂ ਕੁੰਮੇ ਮਾਸ਼ਕੀ ਨੇ ਦੱਸਿਆ ਕਿ ਮਾਤਾ ਜੀ, ਸਾਹਿਬਜ਼ਾਦਿਆਂ ਸਮੇਤ ਚੌਤੇ ਪਿੰਡ ਦੀ ਤਰਫ ਦੋ ਮਸੰਦਾਂ ਧੂਮਾ ਤੇ ਦਰਬਾਰੀ ਸਹੇੜੀ ਵਾਲਿਆਂ ਨਾਲ ਚਲੇ ਗਏ ਹਨ। ਇਸ ਦੀ ਪੁਸ਼ਟੀ "ਗੁਰੂ ਕੀਆਂ ਸਾਖੀਆਂ" (ਰਚਨਕਾਲ 1790 ਈਸਵੀ) ਕ੍ਰਿਤ ਸਰੂਪ ਸਿੰਘ ਕੌਸ਼ਿਕ ਭੱਟ ਤੋਂ ਵੀ ਭਲੀਭਾਂਤ ਹੋ ਜਾਂਦੀ ਹੈ।

"ਸਤਿਗੁਰਾਂ ਚੌਧਰੀ ਬੁਧੀ ਚੰਦ ਸੇ ਕਹਿਕੇ ਕੂਮੇ ਮਾਸ਼ਕੀ ਕੋ ਬੁਲਾ ਭੇਜਾ। ਪੂਛਾ, 'ਭਾਈ! ਤੇਰੇ ਗ੍ਰਿਹਿ ਮੇਂ ਮਾਤਾ ਗੁਜਰੀ ਜੀ ਤੇ ਉਨ ਕੇ ਗੈਲ ਦੋ ਸਾਹਿਬਜ਼ਾਦੇ ਛੋਟੇ ਆਏ ਥੇ, ਅਬ ਕਹਾਂ ਹੈਂ?" ਉਸ ਹਾਂਥ ਬਾਂਧ ਬੇਨਤੀ ਕੀਤੀ ਕੀ, 'ਜੀ ਗਰੀਬ ਨਿਵਾਜ! ਉਹ ਆਜ ਫ਼ਜ਼ਰੇ ਜਹਾਂ ਸੇ ਚੌਤੇ ਗਾਓ ਕੀ ਤਰਫ਼ ਚਲੇ ਗਏ ਹੈਂ। ਉਨ ਕੇ ਗੈਲ ਸਹੇੜੀ ਗਾਮ ਕੇ, ਦੋ ਹਜ਼ੂਰੀ ਮਸੰਦ ਹੈਂ, ਜਿਨ੍ਹਾਂ ਆਪਣਾ ਨਾਮ ਧੂਮਾਂ ਤੇ ਦਰਬਾਰੀ ਬਤਾਇਆ ਸੀ।"

ਇਸ ਦੀ ਪੁਸ਼ਟੀ "ਮਹਿਮਾ ਪ੍ਰਕਾਸ" (ਰਚਨਕਾਲ 1784 ਈਸਵੀ) ਕ੍ਰਿਤ ਸਰੂਪ ਦਾਸ ਭੱਲਾ ਤੋਂ ਵੀ ਹੋ ਜਾਂਦੀ ਹੈ। ਚਾਹੇ ਇਸ ਦੇ ਵਰਨਣ ਅਤੇ ਸਾਹਿਬਜ਼ਾਦਿਆਂ ਦੇ ਨਾਮਾ ਵਿਚ ਕੁਝ ਅੰਤਰ ਹੈ ਪ੍ਰਤੂੰ ਗੰਗੂ ਰਸੋਈਏ ਦੀ ਸਾਹਿਬਜ਼ਾਦਿਆਂ ਨਾਲ ਸਮੂਲੀਅਤ ਤੋਂ ਉਹ ਵੀ ਇਨਕਾਰੀ ਹੈ, ਜਿਵੇਂ ਕਿ–

".....ਦੋਨੋਂ ਸਾਹਿਬਾਂ ਕਾ ਨਾਮ ਸ੍ਰੀ ਬਾਬਾ ਜੁਝਾਰ ਸਿੰਘ ਜੀ ਵਾ ਬਾਬਾ ਜ਼ੋਰਾਵਰ ਸਿੰਘ ਜੀ ਜਿਨ ਕੀ ਕਥਾ ਸ੍ਰੀ ਬਚਿਤਰ ਨਾਟਕ ਮੇਂ ਸ੍ਰੀ ਮੁਖ ਬਰਨਨ ਕੀਆ ਹੈ। ਇਹ ਕਾਰਨ ਤੇ ਪਹਿਲੇ ਹੂਆ ਥਾ। ਦੋਨੋਂ ਸਾਹਿਬਜ਼ਾਦੇ ਜੋ ਪੀਛੇ ਰਹੇ ਥੇ ਉਨ ਕੋ ਆਗਿਆ ਭਈ ਜੋ ਚਲੋ ਵ ਹਜ਼ਾਰਾ ਸਿੰਘ ਕੋ ਆਗਿਆ ਦੀਆ ਜੋ ਤੁਸੀ ਇਨ ਕੇ ਨਾਲ ਜਾਉ। ਅਨੰਦਪੁਰ ਜੀ ਸੇ ਕੂਚ ਕਰਕੇ ਜਦ ਤੀਨ ਚਾਰ ਕੋਸ ਗਏ ਤਦ ਰਾਜੇ ਵ ਫਉਜਾਂ ਪਾਤਸ਼ਾਹੀ ਜਿਨਾਂ ਨਰਗਾ ਕੀਆ ਥਾ ਉਹ ਸਭ ਆਇ ਪੜੇ ਮਾਲ ਅਸਬਾਬ ਸਭ ਲੀਆ। ਅਰ ਸਾਹਿਬਜ਼ਾਦਿਆਂ ਕੋ ਮਹਲਾਂ ਕੋ ਨਹੀ ਪਾਇਆ। ਤਦ ਤਲਾਇਸ ਲਗੇ ਕਰਨੇ ਸਾਹਿਬਜ਼ਾਦੇ ਵ ਮਹਲ ਸਭਿ ਜਾਇਕੇ ਕੇ ਉਸ ਗਉ ਕਾ ਨਾਉ ਆਗੇ, ਕੁਛ ਅਉਰ ਥਾ ਜਬ ਸੇ ਕਾਰਨ ਹੂਆ ਤਦ ਸੇ ਬੁਰਾ ਪਿੰਡੁ ਕਹਤੇ ਹੈਂ ਊਹਾਂ ਜਾਇਕੇ ਉਤਰੇ। ਊਹਾਂ ਜੋ ਰੰਗੜ ਰਹਤੇ ਉਨੋਂ ਨੇ ਜਾਇ ਪਾਤਸ਼ਾਹੀ ਲੋਕਾਂ ਕੋ ਖਬਰ ਕਰ ਦੀਆ।"

ਗੰਗੂ ਬ੍ਰਾਹਮਣ ਰਸੋਈਏ ਦੇ ਕਿਸੇ ਵੀ ਗ੍ਰੰਥ ਤੋਂ ਪੁਸ਼ਟੀ ਨਹੀਂ ਹੁੰਦੀ ਹੈ। 'ਗੁਰ ਬਿਲਾਸ ਪਾਤਸ਼ਾਹੀ 10' ਕ੍ਰਿਤ ਭਾਈ ਸੁਖਾ ਸਿੰਘ (ਰਚਨਕਾਲ 1797 ਈਸਵੀ) ਵਿਚ ਇਕ ਮਸੰਦ ਜਿਸਦੀ ਜਾਤ ਬ੍ਰਾਹਮਣ ਹੈ, ਉਸ ਮਸੰਦ ਬਾਰੇ ਜ਼ਿਕਰ ਕਰਦਾ ਹੈ ਜੋ ਸਾਹਿਬਜ਼ਾਦਿਆਂ ਬਾਰੇ ਖਬਰ ਕਰਦਾ ਹੈ, ਜਿਵੇਂ ਕਿ–

*ਫਤੇ ਮਿਰਗਿੰਦ ਜੁਝਾਰ ਮ੍ਰਿਗੀਸਾ,*
*ਯੌ ਕੌਤਕ ਕੀਨੋ ਜਗਦੀਸਾ।*
*ਹੁਤੋ ਮਸੰਦ ਨੀਚ ਇਕ ਪਾਪੀ,*
*ਬਿਪ ਬੰਸ ਚੰਡਾਰ ਸੁਖਾਪੀ।239।*
*ਰੋਪਰ ਤੇ ਵਹੁ ਰਾਹ ਭਲਾਈ,*
*ਨਿਜਧੁਰ ਕੋ ਲੈ ਗਯੋ ਕਸਾਈ।*
*ਸਾਹਿਬਜਾਦੇ ਦੋਊ ਕੁਮਾਰ,*
*ਤੀਜੇ ਦਾਦੀ ਸਾਥ ਨਿਹਾਰ।240।*
*ਏ ਆਧੰ ਅਨ ਖਿਜ਼ਮਤਦਾਰ,*
*ਖਰਚ ਧਨ ਘੋਰੇ ਜੁਗਚਾਰ।*
*ਪਲਕ ਹਜੂਰ ਸੁ ਰਹੇ ਪਿਛਾਰੀ,*
*ਫਰਕ ਪਯੋ ਰਜਨੀ ਮਧਕਾਰੀ।2।141।*
*ਬਿਪ ਕਹੀ ਮਿਲਤੇ ਹੈਂ ਅਬੀ,*
*ਏ ਆਗੇ ਜਾਵਤ ਹੈ ਸਬੀ।*
*ਯੋ ਕਹ ਕਰ ਦੋਖੀ ਲੈ ਧਾਯੋ,*
*ਆਪਨ ਗ੍ਰਾਮ ਨੀਚ ਲੈ ਆਯੋ।242।*
*ਖਚਰ ਮਾਯਾ ਨਿਰਖ ਗਵਾਰ,*
*ਬੁਢੋ ਪਾਪੀ ਲੋਭ ਮਝਾਰ।*
*ਏਮ ਬਿਚਾਰ ਗਾਂਵ ਲੈ ਆਯੋ,*
*ਮਾਤਾ ਜੀ ਯਹ ਭੇਦ ਨਾ ਪਾਯੋ।243।*

ਇਸ ਤੋਂ ਅਗੇ ਉਹ ਹੀ ਸਾਖੀ ਚਲਦੀ ਹੈ ਕਿ ਰਾਤ ਸਮੇਂ ਧਨਵਾਲੀ ਖੁਰਜੀ ਮਸੰਦ ਨੇ ਲੁਕਾ ਲਈ ਅਤੇ ਫਿਰ ਮੁਖਬਰੀ ਕਰਕੇ ਸਹਿਬਜ਼ਾਦਿਆਂ ਨੂੰ ਪਕੜਾ ਦਿੱਤਾ। ਇਸ ਪ੍ਰਥਾਇ ਮਹਾਂਕਵਿ ਸੰਤੋਖ ਸਿੰਘ ਦੇ ਵਿਚਾਰ 'ਸੂਰਜ ਪ੍ਰਕਾਸ਼ ਗ੍ਰੰਥ' ਵਿਚ ਵਾਚਣਯੋਗ ਹਨ :

*ਸਿਯੰਦਨ ਮਹਿ ਮਾਤਾ ਹੁਤੀ ਦਵੈ ਸਾਹਿਬਜਾਦੇ।*
*ਇਕ ਖਚਰਾਇ ਕਦਾ ਸਤਹਿ ਦੀਨਾਰਨ ਲਾਦੇ।*
*ਉਤਰ ਤਿਸਕੇ ਸਦਨ ਮਹਿ ਸਭ ਵਸਤ ਉਤਾਰੀ।*
*ਗ੍ਰਾਮ ਨਾਮ ਖੇੜੀ ਹੁਤੋ ਦਿਜ ਅਧਮ ਕੁਚਾਰੀ।*
*ਕੁਛਕ ਮਸੰਦੀ ਭੀ ਕਰੀ ਇਸ ਹੇਤ ਚਿਨਾਰੀ।*
*ਮਧਰ ਬਾਕ ਕਹਿ ਲੇ ਗਯੋ*
*ਧਨ ਸੰਗ ਨਿਹਾਰੀ।*
*ਖਚਰ ਪਰ ਖੁਰਜੀ ਤਕੀ ਦੀ ਨਾਰਨ ਕੇਰੀ।*
*ਬਿਸਰਾਮੇ ਬਹੁਰ ਥਕ ਤਿਭੇ ਚਲ ਬਾਟ ਬਡੇਰੀ।*


ਭਾਈ ਰਤਨ ਸਿੰਘ ਭੰਗੂ ਆਪਣੇ ਗ੍ਰੰਥ 'ਸ੍ਰੀ ਗੁਰੂ ਪੰਥ ਪ੍ਰਕਾਸ਼' (ਰਚਨਕਾਲ 1841 ਈਸਵੀ) ਵਿਚ ਮਾਤਾ ਜੀ ਨਾਲ ਇਕ ਬ੍ਰਾਹਮਣ ਰਸੋਈਏ ਦਾ ਜ਼ਿਕਰ ਕੀਤਾ ਹੈ ਪਰੰਤੂ ਉਸਦਾ ਨਾਮ ਉਹ ਵੀ ਨਹੀਂ ਲਿਖ ਰਿਹਾ ਹੈ, ਜਿਵੇਂ ਕਿ–

*ਚੌਪਈ*
*ਅਬ ਅਗੇ ਫੇਰ ਸੁਨਹੁ ਵੈ ਬਾਤ।*
*ਜਿਸ ਕੀਏ ਬਜੀਏ ਸ਼ੀਰ ਖਰੋ ਘਾਤ।*
*ਰੋਪੜੋ ਜੁਦੀ ਮਾਤ ਉਨ ਕੀਨੀ,*
*ਹੁਤੋ ਬਾਹਮਨ ਰਸੋਈਓ ਮਤ ਹੀਨੀ।*
*ਉਸ ਕੇ ਮਨ ਮੈ ਬਡ ਲਬ ਆਯੋ,*
*ਉਨ ਦੇਖਯੋ ਥੋ ਜੁ ਮਾਤ ਚੁਕਾਯੋ।*
*ਹੀਰੇ ਮੋਤੀ ਮਾਣਕ ਸਬਜ਼ੇ,*
*ਹੁਤੋ ਗਲਯੋ ਬਾਮਣ ਜਿਤ ਗਜਬੈ।*
*ਲੈ ਮਾਹੋ ਨਿਜ ਗਇਓ ਗਰਾਮ,*
*ਸਾਹੇੜੀ ਉਸ ਕੋ ਨਾਮ।*
*ਜਾਇ ਉਜਾੜ ਮਧ ਢੱਕ ਬਹਾਈ,*
*ਚੀਜ ਸਭੀ ਉਨ ਕਰੀ ਕਬਜਾਈ।*

ਇਸ ਗ੍ਰੰਥ ਦੇ ਫੁੱਟ ਨੋਟ ਵਿਚ

**(ਬਾਕੀ ਸਫਾ 7 'ਤੇ)**

# ਨਵਾਂ ਸੂਰਜ



ਸ੍ਰੀ ਸਤਿਗੁਰੂ ਉਦੈ ਸਿੰਘ ਜੀ

ਕਰੋੜਾਂ ਹਿਰਦਿਆਂ ਦੇ ਸਮਰਾਟ, ਕੁਲ ਸ੍ਰਿਸ਼ਟੀ ਦੇ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 13 ਦਸੰਬਰ 2012 ਨੂੰ ਆਪਣੀ ਰਜ਼ਾ ਅਨੁਸਾਰ ਆਪਣੇ ਸਰੀਰ ਨੂੰ ਸਮੇਟ ਲਿਆ। ਹਰ ਪਾਸੇ ਸੁੰਨ, ਸੰਨਾਟਾ ਛਾ ਗਿਆ। ਕਿਸੇ ਦੀ ਰਸਨਾ ਤੇ ਕੋਈ ਬੋਲ ਨਹੀਂ ਸਨ ਨਿਕਲ ਰਹੇ। ਬੱਸ ਅੱਖਾਂ ਚੋਂ ਹੰਝੂ ਨਿਕਲ ਰਹੇ ਸਨ। ਪੰਛੀਆਂ, ਜਾਨਵਰਾਂ ਨੇ ਵੀ ਚੁੱਪ ਵੱਟ ਲਈ ਸੀ। ਇੰਜ ਜਾਪੇ ਕਿ ਇਕ ਯੁਗ ਦਾ ਅੰਤ ਹੋ ਗਿਆ ਹੈ। ਦਿਮਾਗ ਸੁੰਨ ਸਨ। ਅਗੇ ਪਿਛੇ ਕੁਝ ਨਜ਼ਰ ਨਹੀਂ ਸੀ ਆ ਰਿਹਾ। ਹਰ ਕੋਈ ਇਹੀ ਸੋਚੇ ਕਿ ਹੁਣ ਸਾਡਾ ਜਿਉਣਾ ਵਿਅਰਥ ਹੈ।

ਪਰ ਫੇਰ ਸਭ ਦੇ ਚਿਹਰੇ, ਹਿਰਦੇ ਇਕ ਵਾਰੀ ਫਿਰ ਖਿੜੇ ਜਦੋਂ ਮਾਤਾ ਜੀ ਦਾ ਹੁਕਮ ਸੁਣਾਇਆ ਗਿਆ ਕਿ ਅੱਜ ਤੋਂ ਨਾਮਧਾਰੀ ਪੰਥ ਦੀ ਵਾਗਡੋਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਸੰਭਾਲਣਗੇ। ਸਭ ਦੇ ਮਨਾਂ ਨੂੰ ਧਰਵਾਸ ਮਿਲੀ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਗਵਾਈ ਹੇਠ ਨਾਮਧਾਰੀ ਸੀਡਜ਼ ਦੀ ਦੁਨੀਆਂ ਦੇ ਹਰ ਕੋਨੇ ਵਿਚ ਵੱਖਰੀ ਪਹਿਚਾਣ ਹੈ। ਹੁਣ ਸਾਧ ਸੰਗਤ ਦੀ ਅਗਵਾਈ ਕਰ ਰਹੇ ਹਨ ਅਤੇ ਸਭ ਦੇ ਮਨ ਹਰੇ ਕਰਨ ਲਈ, ਉਹਨਾਂ ਨੂੰ ਸੰਭਾਲਣ ਲਈ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਦੌਰੇ ਆਰੰਭੇ ਹਨ। ਉਹਨਾਂ ਦੀ ਛਤਰ ਛਾਇਆ ਹੇਠ ਸਾਧ ਸੰਗਤ ਪਹਿਲੇ ਵਾਂਗ ਹੀ ਸੁਖ ਮਾਨਣ ਲਗੀ ਹੈ।

ਸਤਿਜੁਗ ਦੇ 8 ਤੋਂ 14 ਅਗਸਤ 2013 ਵਾਲੇ ਅੰਕ ਵਿਚ ਹਰਜਿੰਦਰ ਸਿੰਘ ਕਵੰਲ ਕਵੈਂਟਰੀ (ਯੂ. ਕੇ.) ਹੁਰਾਂ ਨੇ ਆਪਣੇ ਲੇਖ ਵਿਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਉਸਤਤ ਵਿਚ ਲਿਖਿਆ ਹੈ :

"ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦਾ ਜਾਹੋ ਜਲਾਲ ਵੇਖੋ ਸਤਿਗੁਰੂ ਰਾਮ ਸਿੰਘ ਜੀ ਵਰਗਾ ਹੈ, ਆਪ ਜੀ ਦੀ ਸ਼ਹਨਸ਼ੀਲਤਾ ਸਤਿਗੁਰੂ ਹਰੀ ਸਿੰਘ ਜੀ ਵਰਗੀ ਹੈ, ਆਪ ਜੀ ਦਾ ਚੇਹਰਾ ਅਤੇ ਨੂਰ ਸਤਿਗੁਰੂ ਪ੍ਰਤਾਪ ਸਿੰਘ ਜੀ ਵਰਗਾ ਹੈ ਅਤੇ ਉਦਾਰਤਾ ਸਤਿਗੁਰੂ ਜਗਜੀਤ ਸਿੰਘ ਜੀ ਵਰਗੀ ਹੈ, ਆਪ ਜੀ ਦੇ ਵਿਚ ਉਹ ਸਾਰੇ ਲਕਸ਼ਣ ਸਤਿਗੁਰੂਆਂ ਵਾਲੇ ਕੁਦਰਤੀ ਤੌਰ ਤੇ ਹੀ ਸਮੋਏ ਹੋਏ ਹਨ। ਆਪ ਜੀ ਪੂਰਨ ਤੌਰ ਤੇ ਇਕ ਮਹਾਨ ਸਤਿਗੁਰੂ ਹਨ।" ਇਹਨਾਂ ਸਤਿਗੁਰੂਆਂ ਵਾਂਗ ਹੀ ਨਾਮ ਸਿਮਰਨ ਕਰਨਾ, ਆਪਸ ਵਿਚ ਮਿਲ ਕੇ ਰਹਿਣਾ, ਈਰਖਾ, ਨਿੰਦਾ, ਚੁਗਲੀ ਤੋਂ ਦੂਰ ਰਹਿਣਾ, ਸਭ ਨੂੰ ਖਿਮਾ ਕਰਨਾ, ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਉਪਦੇਸ਼ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਹਰ ਸਿੱਖ ਦੀ ਅਰਦਾਸ ਸੁਣ ਕੇ ਉਸ ਤੇ ਕਿਰਪਾ ਕੀਤੀ ਹੈ, ਬਖ਼ਸ਼ਸ਼ ਕੀਤੀ ਹੈ। ਉਹਨਾਂ ਦੇ ਕਾਰੋਬਾਰ ਦੀ ਅਰਦਾਸ ਹੋਵੇ, ਸ੍ਰੀ ਸਤਿਗੁਰੂ ਜੀ ਨੇ ਭਾਵੇਂ ਸੁਪਨੇ ਵਿਚ ਦਰਸ਼ਨ ਦੇ ਕੇ ਜਾਂ ਪ੍ਰਤੱਖ ਸਭ ਤੇ ਕਿਰਪਾ ਕੀਤੀ ਹੈ। ਇਹੀ ਕਿਰਪਾ ਹੁਣ ਵੀ ਜਾਰੀ ਹੈ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੁਆਰਾ। ਕਈਆਂ ਦੀਆਂ ਮਨੋਕਾਮਨਾਵਾਂ ਪੂਰਨ ਕਰਨ ਦੀ ਕਿਰਪਾ ਕੀਤੀ ਹੈ। ਇਹ ਕਿਰਪਾ ਹਜਾਰਾਂ ਸਾਲ ਸਾਧ ਸੰਗਤ ਤੇ ਬਣੀ ਰਹੇ।

***ਸੂਕੇ ਹਰੇ ਕੀਏ ਖਿਨ ਮਾਹਿ।। ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ।।***

**-ਨਰਿੰਦਰ ਕੌਰ ਦਿੱਲੀ**

# ਪੰਥ ਫੇਰ ਖਿੜਿਆ

**ਹਰਭਜਨ ਕੌਰ ਚਾਨਾ, ਯੂ. ਕੇ.**

*ਸੰਗਤ ਬੈਠੀ ਖੁਸ਼ੀਆਂ ਵਿਚ, ਹੈ ਸੀ ਪੰਥ ਜੋ ਮਾਣਦਾ,*
*ਕੀ ਹੋਣਾ ਵਿਚ ਪਲ ਦੂਜੇ, ਇਹ ਨਹੀਂ ਸੀ ਕੋਈ ਜਾਣਦਾ।*
*ਕੜਕੀ ਬਿਜਲੀ ਆਇਆ ਬੁੱਲਾ ਠੰਢੀ ਸੀਤ ਦਾ,*
*ਪੈ ਗਿਆ ਵਿਛੋੜਾ ਝੱਟ ਸਤਿਗੁਰੂ ਜਗਜੀਤ ਦਾ।*
*ਪ੍ਰਦੇਸੀ ਸੰਗਤਾਂ ਬੈਠੀਆਂ, ਦਸਾਂ ਹਾਲ ਕਿਵੇਂ ਉਸ ਵਾਰ ਦਾ,*
*ਜੀਣ ਨਾਲੋਂ ਸੀ ਮਰਨ ਚੰਗਾ, ਜਿਉਂ ਟੁਟਾ ਤਾਰ ਸਤਾਰ ਦਾ।*
*ਨਾ ਗੀਤ ਨਾ ਰਾਗ ਮਿਲਣੇ, ਦਰਸ ਹੋਣਾ ਨਹੀਂ ਗੁਰ ਦਾਤਾਰ ਦਾ,*
*ਤੜਪਦਿਆਂ ਸਮਾਂ ਲੰਘਾ ਦਿੱਤਾ, ਆਇਆ ਸਮਾਂ ਨਵੀਂ ਬਹਾਰ ਦਾ।*
*ਗੁਰੂ ਜਗਜੀਤ ਦੇ ਪੰਥ ਦੀ ਡੋਰ ਨੂੰ, ਉਦੈ ਸਿੰਘ ਆ ਸੰਭਾਲਦਾ,*
*ਮੁਰਝਾਇਆ ਬਾਗ ਫੇਰ ਮਹਿਕਿਆ ਇਹ ਉਸੇ ਵਾਂਗ ਪਿਆਰ ਦਾ।*
*ਉਸੇ ਵਾਂਗ ਮੁਸਕਾਨ ਨੂਰ ਉਵੇਂ, ਹੋਏ ਦਰਸ ਤੇ ਮੁਖ ਖਿੜਿਆ,*
*ਦੂਰੋਂ ਸੰਗਤਾਂ ਆ ਦਰਸ ਕੀਤਾ, ਉਸੇ ਪਿਆਰ ਦਾ ਬਦਲ ਸੀ ਛਾਇਆ।*
*ਗੁਰੂ ਹਰੀ, ਪ੍ਰਤਾਪ, ਜਗਜੀਤ ਦਾ, ਦਰਸਨ ਇਸ ਤੋਂ ਪਾਇਆ,*
*ਇਹਦੇ ਬਚਨਾਂ ਵਿਚ ਰਸ ਉਹੀ, ਜਦ ਇਹਨੇ ਬਚਨ ਸੁਣਾਇਆ।*
*ਵਾਗਡੋਰ ਸੰਭਾਲੀ ਲਈ ਪੰਥ ਦੀ, ਪੰਥ ਖੁਸ਼ੀਆਂ ਵਿਚ ਆਇਆ,*
*ਨਾਮ ਜਪਾਏ ਕੋਲ ਬਠਾਏ ਸਭ ਨੂੰ, ਪਿਆਰ ਨਾਲ ਸਮਝਾਇਆ।*
*ਕਿਰਤ ਕਰੋ ਨਾਮ ਜਪੋ ਗੁਰਬਾਣੀ ਨੂੰ ਇਸ ਕੰਠ ਕਰਾਇਆ,*
*ਹਰ ਇਕ ਸਿਰ ਝੁਕਾਏ, ਜਿਹੜਾ ਵੀ ਵਿਚ ਸੰਗਤ ਆਇਆ।*

# ਦਿੱਲੀ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਦਰਸ਼ਨ

**ਨਵੀਂ ਦਿੱਲੀ,** 18 ਦਸੰਬਰ 2016: ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਮਨ ਦੀ ਭਟਕਣ ਮਿੱਟ ਜਾਂਦੀ ਹੈ, ਤਾਕਤ ਮਿਲਦੀ ਹੈ, ਮਨ ਬਿਰਤੀ ਟਿਕਦੀ ਹੈ, ਨਾਮ ਵਾਲੇ ਪਾਸੇ ਜੁੜਦੀ ਹੈ, ਚੰਗੇ ਕੰਮਾਂ ਵੱਲ ਮਨ ਪ੍ਰੇਰਿਤ ਹੁੰਦਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਿੱਲੀ ਬਹੁਤ ਕਿਰਪਾ ਕਰਦੇ ਸਨ। ਸਾਧ-ਸੰਗਤ ਨੂੰ ਦਰਸ਼ਨ ਦੇ ਕੇ ਨਿਵਾਜਦੇ ਸਨ ਤੇ ਸਾਧ-ਸੰਗਤ ਦੇ ਮਨਾਂ ਵਿੱਚ ਵੀ ਉਹਨਾਂ ਦੇ ਦਰਸ਼ਨਾਂ ਦੀ ਤਾਂਘ ਹਮੇਸ਼ਾਂ ਬਣੀ ਰਹਿੰਦੀ ਸੀ। ਸਤਿਗੁਰੂ ਜੀ ਦੇ ਦਰਸ਼ਨ ਕਰ ਸਭ ਆਪਣੇ ਆਪ ਨੂੰ ਵਡਭਾਗਾ ਸਮਝਦੇ ਸਨ। ਇਸ ਕਿਰਪਾ ਵਿੱਚ ਅੱਜ ਵੀ ਕੋਈ ਕਮੀ ਨਹੀਂ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਸਮੇਂ ਸਮੇਂ ਤੇ ਦਰਸ਼ਨ ਦੇ ਕੇ ਸਭ ਹਿਰਦੇ ਠਾਰਦੇ ਰਹਿੰਦੇ ਹਨ ਤੇ ਸਾਧ ਸੰਗਤ ਵੀ ਹਮੇਸ਼ਾਂ ਚਰਨ ਪਰਸਨ ਨੂੰ ਤੱਤਪਰ ਰਹਿੰਦੀ ਹੈ।

ਸ੍ਰੀ ਸਤਿਗੁਰੂ ਜੀ ਨੇ 18 ਦਸੰਬਰ 2016 ਦਿਨ ਐਤਵਾਰ ਨੂੰ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਦੁਪਹਿਰ ਬੀਬੀ ਧੰਨਜੀਤ ਕੌਰ ਪਤਨੀ ਸੰਤ ਸੁਰਿੰਦਰ ਸਿੰਘ ਦੇ ਭੋਗ ਸਮੇਂ ਦਰਸ਼ਨ ਦਿੱਤੇ। ਸੰਗਤ ਦਾ ਇਕੱਠ ਬਹੁਤ ਜ਼ਿਆਦਾ ਸੀ ਜਿਵੇਂ ਹੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ, ਸਾਧ-ਸੰਗਤ ਨੇ ਖ਼ੁਸ਼ੀ ਨਾਲ ਸੁਆਗਤ ਵਿੱਚ ਜੈਕਾਰਿਆਂ ਨਾਲ ਹਾਲ ਗੂੰਜਾਂ ਦਿੱਤਾ। ਸ੍ਰੀ ਸਤਿਗੁਰੂ ਜੀ ਨਾਲ ਉਹਨਾਂ ਦੇ ਮਹਿਲ ਬੀਬੀ ਗੁਰਸ਼ਰਨ ਕੌਰ ਅਤੇ ਸੇਵਕ ਸਨ। 12 ਵਜੇ ਜਥੇਦਾਰ ਨਿਸ਼ਾਨ ਸਿੰਘ ਨੇ ਦੀਵਾਨ ਸਜਾਇਆ। ਉਪਰੰਤ 1 ਵਜੇ ਦੋਪਹਿਰ ਨੂੰ ਨਿਤਨੇਮ ਦੀ ਅਰਦਾਸ ਹੋਈ। ਨਿਤਨੇਮ ਦੇ ਦੌਰਾਨ ਹੀ ਕਥਾ ਕੀਰਤਨ ਸ਼ੁਰੂ ਹੋ ਗਿਆ। ਜਥੇਦਾਰ ਮਨਜੀਤ ਸਿੰਘ ਨੇ ਹੱਲੇ ਦਾ ਦਿਵਾਨ ਸਜਾਇਆ। ਉਪਰੰਤ ਪਾਠ ਦਾ ਭੋਗ ਪਾਇਆ ਗਿਆ

ਉੱਚੇ ਸਟੇਜ ਤੇ ਸ੍ਰੀ ਸਤਿਗੁਰੂ ਜੀ ਸੁਭਾਇਮਾਨ ਸਨ। ਕੁੱਝ ਸਰੀਰ ਆ ਕੇ ਆਪਣੀਆਂ ਅਰਜ਼ਾਂ ਸ੍ਰੀ ਸਤਿਗੁਰੂ ਜੀ ਨੂੰ ਕਰ ਰਹੇ ਸਨ, ਦੁੱਖਾਂ ਨੂੰ ਦੂਰ ਕਰਨ ਤੇ ਸੁੱਖਾਂ ਦੀ ਪ੍ਰਾਪਤੀ ਲਈ ਬਖ਼ਸ਼ਸ਼ ਮੰਗ ਰਹੇ ਸਨ ਤੇ ਸ੍ਰੀ ਸਤਿਗੁਰੂ ਜੀ ਬੜੇ ਧਿਆਨ ਨਾਲ ਸਭ ਦੀਆਂ ਅਰਜ਼ਾਂ ਸੁਣ ਕੇ ਕਿਰਪਾ ਕਰ ਰਹੇ ਸਨ। ਸਾਰੀ ਸਾਧ-ਸੰਗਤ ਰਸਨਾ ਨਾਲ ਭਜਨ ਬੰਦਗੀ ਕਰ ਰਹੀ ਸੀ ਤੇ ਕੰਨਾਂ ਨਾਲ ਸਤਿਗੁਰੂ ਜੀ ਦਾ ਜੱਸ ਕਰ ਰਹੀ ਸੀ।

**-ਗੁਰਜੀਤ ਸਿੰਘ**

# ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਦਿੱਲੀ ਵਿਖੇ ਆਪਣੇ ਬਜ਼ੁਰਗਾਂ ਦੀ ਯਾਦ ਵਿਚ ਮੇਲਾ

**ਨਵੀਂ ਦਿੱਲੀ, 11-12-2016**-ਰਮੇਸ਼ ਨਗਰ ਨਾਮਧਾਰੀ ਧਰਮਸ਼ਾਲਾ ਵਿਖੇ ਸਮਪਤਾਹਿਕ ਸਮਾਗਮ ਵਿਚ ਸੰਤ ਨਰਿੰਦਰ ਸਿੰਘ ਖੁਰਾਣਾ ਸੰਤ ਸੁਖਬੀਰ ਸਿੰਘ ਖੁਰਾਣਾ ਪਰਿਵਾਰ ਵਲੋਂ ਆਪਣੇ ਬਜ਼ੁਰਗਾਂ ਦੀ ਯਾਦ ਵਿਚ ਮੇਲਾ ਕੀਤਾ ਗਿਆ। ਪਿਤਾ ਸੰਤ ਗੁਰਬਖਸ਼ ਸਿੰਘ, ਮਾਤਾ ਹਰਭਜਨ ਕੌਰ ਖੁਰਾਣਾ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨਿੰਨ ਸੇਵਕ, ਸਤਿਗੁਰੂ ਜਗਜੀਤ ਸਿੰਘ ਜੀ ਦੇ ਸ਼ਰਧਾ ਭਾਵਨਾ ਵਾਲੇ ਸਿੱਖ ਸਨ। ਚਾਂਦਨੀ ਚੌਕ ਦਿੱਲੀ ਵਿਖੇ ਕਪੜੇ ਦਾ ਕਾਰੋਬਾਰ ਕਰਦੇ ਸਨ। ਮਾਤਾ ਪਿਤਾ ਦੀ ਯਾਦ ਵਿਚ ਇਸ ਦਿਨ ਆਸਾ ਦੀ ਵਾਰ ਦਾ ਕੀਰਤਨ ਸੰਤ ਦਲਜੀਤ ਸਿੰਘ ਬਲਿਹਾਰਜਾਵਾਂ ਜਥੇ ਨੇ ਕੀਤਾ। ਫਿਰ ਜਥੇਦਾਰ ਮਨਜੀਤ ਸਿੰਘ ਨੇ ***ਬੋਲੀਐ ਸਚੁ ਧਰਮ ਝੂਠ ਨਾ ਬੋਲੀਐ।।*** ਪੜ੍ਹ ਦਿਵਾਨ ਸਜਾਇਆ। ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਉਪਕਾਰਾਂ ਦਾ ਵਰਨਣ ਕੀਤਾ। ਨਾਮ ਜਪਣ ਤੇ ਜ਼ੋਰ ਦਿੱਤਾ।

6 ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। 1 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ, 1 ਪਾਠ ਪਿਤਾ ਸੰਤ ਗੁਰਬਖਸ਼ ਸਿੰਘ ਖੁਰਾਣਾ ਅਤੇ ਮਾਤਾ ਹਰਭਜਨ ਕੌਰ ਦੀ ਯਾਦ ਵਿਚ ਖੁਰਾਣਾ ਪਰਿਵਾਰ ਵਲੋਂ, 1 ਪਾਠ ਸੰਤ ਪ੍ਰਿਤਪਾਲ ਸਿੰਘ ਪੁਲਬੰਗਸ਼ ਵਾਲਿਆਂ ਦੀ ਯਾਦ ਵਿਚ, 1 ਪਾਠ ਮਾਤਾ ਰਾਮ ਕੌਰ ਦੀ ਯਾਦ ਵਿਚ ਸੰਤ ਸੇਵਾ ਸਿੰਘ ਵਲੋਂ। 2 ਪਾਠ ਪਰਿਵਾਰਾਂ ਵਲੋਂ ਸੰਤ ਅਜੀਤ ਸਿੰਘ ਸਿਰਸੇ ਵਾਲੇ ਦੇ ਵਰ੍ਹੀਣੇ ਦਾ ਅਤੇ ਬੀਬੀ ਹਰਿੰਦਰ ਕੌਰ ਪਤਨੀ ਸੰਤ ਜਸਵੰਤ ਸਿੰਘ ਟੇਲਰ ਮਾਸਟਰ ਦੇ ਵਰ੍ਹੀਣੇ ਦੇ ਭੋਗ ਪਾਏ ਗਏ। ਸੰਤ ਦਵਿੰਦਰ ਸਿੰਘ ਅਤੇ ਸੰਤ ਜਸਬੀਰ ਸਿੰਘ ਗੁਲਾਟੀ ਨੇ ਨਾਮ ਸਿਮਰਨ ਤੇ ਬੋਲਦਿਆਂ ਆਈ ਸੰਗਤ ਦਾ ਧੰਨਵਾਦ ਕੀਤਾ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

**-ਸੰਤ ਸਤਨਾਮ ਸਿੰਘ**

## ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ...(ਬਾਕੀ ਸਫਾ 6 ਦੀ)

(ਸਫਾ 103) ਤੇ ਵਿਦਵਾਨ ਸੰਪਾਦਕ ਡਾ. ਜੀਤ ਸਿੰਘ ਸੀਤਲ ਨੇ ਉਸ ਬ੍ਰਾਹਮਣ ਜਾਂ ਮਸੰਦ ਦੇ ਪਿੰਡ ਖੇੜੀ ਬਾਰੇ ਲਿਖਦੇ ਹਨ :

'ਸਹੇੜੀ' ਰੋਪੜ ਦੇ ਥਾਣਾ ਮੋਰਿੰਡਾ ਦਾ ਇਕ ਪਿੰਡ ਜਿਥੋਂ ਬ੍ਰਾਹਮਣ ਸੀ। ਇਤਿਹਾਸਕਾਰਾਂ ਨੇ ਇਸ ਦਾ ਨਾਮ 'ਖੇੜੀ' ਲਿਖਿਆ ਹੈ ਜੋ ਬੰਦਾ ਬਹਾਦਰ ਨੇ ਥੇਹ ਕਰ ਦਿਤਾ ਸੀ। ਨਵੀਂ ਬਸਤੀ ਦਾ ਨਾਮ 'ਸਹੇੜੀ' ਹੋਇਆ। ਉਪਰੋਕਤ ਗ੍ਰੰਥ ਨੂੰ ਪ੍ਰਾਚੀਨ ਪੰਥ ਪ੍ਰਕਾਸ਼ ਵੀ ਆਖਿਆ ਜਾਂਦਾ ਹੈ।

ਪ੍ਰਸਿੱਧ ਵਿਦਵਾਨ ਗਿਆਨੀ ਗਿਆਨ ਸਿੰਘ ਦੇ ਪ੍ਰਸਿੱਧ ਗ੍ਰੰਥ ' ਸ੍ਰੀ ਗੁਰੂ ਪੰਥ ਪ੍ਰਕਾਸ਼' (ਰਚਨਕਾਲ 1879 ਈਸਵੀ) ਵਿਚ ਲਿਖਦੇ ਹਨ-

*ਅੜਿਲ ਛੰਦ -*
*ਆਬਿ ਗੁਰੁ ਮਤਾ ਰੁ*
*ਤਾਰਨ ਕੋ ਬ੍ਰਿਤਾਂਤ ਸੁਨਿ।*
*ਇੱਕੁ ਖਿਤ੍ਰ ਤਿਸ ਠੌਰ,*
*ਭਏ ਜਬ ਸਿੰਘ ਸਭਿ।*
*ਹੋ ਗੁਰ ਜਨਨੀ ਢਿਗੁ,*
*ਗਭਰੁ ਸੁਤ ਲਘੁ ਜੁਗ ਰਹੇਂ ਤਬਿ।*
*ਗੁਰੂ ਘਰ ਕਾ ਇਕ*
*ਰਹਯੋ ਰਸੋਇਆ ਸੰਗ ਤਿਨ।*
*ਖੇੜੀ ਨਾਮ ਗ੍ਰਾਮ ਕੇਰ ਦੁਜ ਹੁਤੋ ਗਿਨਿ।*
*ਸੋ ਬ੍ਰਾਹਮਣ ਨਿਜ ਸੰਗ ਮਾਤ ਕੋ ਲੈ ਗਯੋ।*
*ਹੋ ਜਯੋ ਤਥੋਂ ਕਰਿ*
*ਨਿਜ ਧਾਮ ਪ੍ਰਾਪਤ ਜਾ ਭਯੋ।*

ਸਿੱਟਾ : ਉਪਰੋਕਤ ਇਤਿਹਾਸਕ ਗ੍ਰੰਥਾਂ ਦੇ ਆਧਾਰ ਤੇ ਮੈਂ ਕਹਿ ਸਕਦਾ ਹਾਂ ਕਿ ਜਦੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ 1705 ਈਸਵੀ ਵਿਚ ਛਡਿਆ ਤਾਂ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜਾਦੇ ਸਿਰਸਾ ਨਦੀ ਦੇ ਕੰਢੇ ਦਸਮ ਪਾਤਸ਼ਾਹ ਜੀ ਤੋਂ ਵਿਛੜੇ ਨਹੀਂ, ਸਗੋਂ ਉਹ ਚਮਕੌਰ ਸਾਹਿਬ ਤਕ ਨਾਲ ਗਏ। ਦਸਮ ਗੁਰੂ ਜੀ ਤਾਂ ਉਥੋਂ ਦੇ ਚੌਧਰੀ ਦੀ ਹਵੇਲੀ ਵਿਚ ਚਲੇ ਗਏ ਜਿਸਨੂੰ ਇਤਿਹਾਸ ਵਿਚ ਚਮਕੌਰ ਦੀ ਗੜ੍ਹੀ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਪ੍ਰਤੂ ਦੋਵੇਂ ਸਾਹਿਬਜਾਦੇ ਅਤੇ ਮਾਤਾ ਗੁਜਰੀ ਜੀ ਦੁਨਾ ਸਿੰਘ ਹੰਡੂਰੀਆ ਅਤੇ ਇਕ ਦਾਸੀ ਨਾਲ ਕੁੰਮੇਂ ਮਾਸ਼ਕੀ ਦੇ ਘਰ ਪਹੁੰਚੇ। ਉਥੇ ਗੁਰੂ ਘਰ ਦੇ ਦੋ ਮਸੰਦ (ਉਪਰੋਕਤ ਹਵਾਲਿਆਂ ਵਿਚ ਇਕ ਮਸੰਦ ਵੀ ਲਿਖਿਆ ਹੈ ਜਿਸਦੀ ਜਾਤ ਬ੍ਰਾਹਮਣ ਹੈ ਅਤੇ ਰਸੋਈਆ ਵੀ ਲਿਖਿਆ ਹੈ) ਕੁੰਮੇ ਮਾਸ਼ਕੀ ਦੇ ਘਰ ਪਹੁੰਚੇ ਅਤੇ ਉਹਨਾਂ ਨੇ ਮਾਤਾ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਖੇੜੀ (ਸਹੇੜੀ) ਲਿਜਾ ਕੇ ਸਰਹੰਦ ਦੇ ਸੂਬੇਦਾਰ ਕੋਲ ਪਕੜਾ ਦਿਤਾ ਸੀ। ਉਪਰੋਕਤ ਸਾਰੇ ਹਵਾਲਿਆਂ ਵਿਚ ਗੰਗੂ ਬ੍ਰਾਹਮਣ ਨਾਮ ਗੈਰ ਹਾਜ਼ਰ ਹੈ ਕਿਉਂਕਿ ਇਸ ਨਾਂ ਦਾ ਵਿਅਕਤੀ ਕੋਈ ਹੈ ਹੀ ਨਹੀਂ ਸੀ। ■

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17

# ਗੁਰਗੱਦੀ ਦੇ ਚਾਰ ਸਾਲ

ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਵੱਖ-ਵੱਖ ਸਰਗੁਣ ਸਰੂਪਾਂ ਵਿੱਚ ਆਪ ਨਰਾਇਣ ਕਲਾਧਾਰ ਗੁਰਗੱਦੀ ਤੇ ਸੁਭਾਏ ਮਾਨ ਹੁੰਦੇ ਰਹੇ ਹਨ। ਸਤਿਗੁਰੂ ਉਦੈ ਸਿੰਘ ਜੀ ਨੇ 54 ਸਾਲ ਦੀ ਉਮਰ (ਜਨਮ 22 ਅਗਸਤ 1958, ਪਿਤਾ ਮਹਾਰਾਜ ਬੀਰ ਸਿੰਘ, ਮਾਤਾ ਬੇਬੇ ਦਲੀਪ ਕੌਰ) ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਇਸ ਰਾਜਯੋਗ ਗੱਦੀ ਨੂੰ ਸੁਭਾਏ ਮਾਨ ਕੀਤਾ। ਇਸ ਤੋਂ ਵਡੇਰੀ ਉਮਰ ਦੇ ਗੁਰਗੱਦੀ ਨੂੰ ਸੁਭਾਏਮਾਨ ਕਰਨ ਵਾਲੇ ਕੇਵਲ ਸਤਿਗੁਰੂ ਅਮਰਦਾਸ ਜੀ ਹੀ ਹੋਏ ਹਨ, ਨਹੀਂ ਤਾਂ ਬਾਕੀ ਸਭ ਸਤਿਗੁਰੂ ਸਾਹਿਬਾਨ ਦੀ ਗੁਰਗੱਦੀ ਤੇ ਸੁਭਾਏਮਾਨ ਹੋਣ ਦੀ ਉਮਰ ਇਹਨਾਂ ਤੋਂ ਛੋਟੀ ਰਹੀ ਹੈ। ਉਹ ਉਮਰ ੫ ਸਾਲ ਤੋਂ ੫੩ ਸਾਲ ਤੱਕ ਦੀ ਰਹੀ ਹੈ।

ਗੁਰਗੱਦੀ ਤੇ ਸੁਭਾਏਮਾਨ ਹੋਣ ਤੋਂ ਪਹਿਲਾਂ ਸਤਿਗੁਰੂ ਜੀ ਦਾ ਸੰਸਾਰ ਵਿੱਚ ਵਿਚਰਨ ਦਾ ਆਪਣਾ ਤਜ਼ਰਬਾ ਹੁੰਦਾ ਹੈ। ਜਿਹਦਾ ਤਜ਼ਰਬਾ ਇੱਕ ਗੁਰਸਿੱਖ ਦੇ ਤੌਰ ਤੇ ਹੁੰਦਾ ਹੈ। ਆਪਣੇ ਸਤਿਗੁਰੂ ਦਾ ਗੁਰਸਿੱਖ। ਉਸ ਸਮੇਂ ਵਿੱਚ ਉਹਨਾਂ ਨੇ ਬਹੁਤ ਸਾਰੇ ਸੰਸਾਰਕ ਕਾਰ ਵਿਹਾਰ ਕੀਤੇ ਹੁੰਦੇ ਹਨ, ਨਾਮ ਬਾਣੀ ਦਾ ਅਭਿਆਸ ਕੀਤਾ ਹੁੰਦਾ ਹੈ, ਭਜਨ ਬੰਦਗੀ ਕੀਤੀ ਹੁੰਦੀ ਹੈ। ਸੱਚੀ ਸੁੱਚੀ ਕਿਰਤ ਰਾਹੀਂ ਆਪਣਾ ਪ੍ਰਭਾਵ ਛੱਡਿਆ ਹੁੰਦਾ ਹੈ। ਉਹਨਾਂ ਨੇ ਆਪਣੇ ਸਤਿਗੁਰੂ ਦਾ ਹੁਕਮ ਸਿਰ-ਮੱਥੇ ਪਰਵਾਨ ਕਰਕੇ ਕਈ ਜ਼ੁੰਮੇਵਾਰੀਆਂ ਨਿਭਾਈਆਂ ਹੁੰਦੀਆਂ ਹਨ। ਸਤਿਗੁਰੂ ਦਾ ਬਚਨ ਸਦਾ ਸੱਚ ਕਰਕੇ ਮੰਨਿਆ ਹੁੰਦਾ ਹੈ। ਆਪਣੀ ਹਉਮੈ, ਆਪਣੇ ਹੰਕਾਰ, ਲੋਭ ਲਾਲਚ ਨੂੰ ਮਾਰਿਆ ਹੁੰਦਾ ਹੈ। ਸਤਿਗੁਰੂ ਨੂੰ ਅਕਾਲ ਪੁਰਖ ਮੰਨਕੇ ਜੀਵਨ ਦਾ ਸੁਖ ਮਾਣਿਆ ਹੁੰਦਾ ਹੈ। ਗੁਰੂ ਦੇ ਪਾਏ ਪਰਚੇ ਹੁਕਮ ਅਨੁਸਾਰ ਹੱਲ ਕੀਤੇ ਹੁੰਦੇ ਹਨ ਅਤੇ ਸਤਿਗੁਰੂ ਜੀ ਦੇ ਮਨ ਵਿੱਚ ਆਪਣੇ ਗੁਣਾਂ ਕਰਕੇ ਇਸ ਤਰ੍ਹਾਂ ਵਸੇ ਹੋਏ ਹੁੰਦੇ ਹਨ ਕਿ ਸਤਿਗੁਰੂ ਜੀ ਉਹਨਾਂ ਨੂੰ ਰਾਜਯੋਗ ਗੱਦੀ ਤੇ ਸਭ ਤੋਂ ਯੋਗ ਵਿਅਕਤੀ ਸਮਝਦੇ ਹੋਏ ਉਸ ਤੇ ਸੁਭਾਏਮਾਨ ਹੋਣ ਦਾ ਮਾਣ ਬਖ਼ਸ਼ਦੇ ਹਨ। ਉਹਨਾਂ ਅੰਦਰ ਜਦ ਉਹ ਨਿਰੰਜਨੀ ਜੋਤ ਪ੍ਰਵੇਸ਼ ਕਰਦੀ ਹੈ ਤਾਂ ਉਮਰਾਂ ਦੇ ਪਾੜੇ ਮੁਕ ਜਾਂਦੇ ਹਨ ਉਹ ਭਾਵੇਂ ਉਹਨਾਂ ਤੋਂ ਵੱਡੀ ਉਮਰ ਦਾ ਹੋਵੇ, ਭਰਾ ਦੀ ਉਮਰ ਦਾ, ਚਾਚੇ-ਤਾਏ ਦੀ ਉਮਰ ਦਾ, ਦਾਦੇ ਦੀ ਉਮਰ ਦਾ, ਪਿਤਾ ਦੀ ਉਮਰ ਦਾ ਉਹ ਸਾਰੇ ਉਹਨਾਂ ਦੇ ਸਿੱਖ ਹੁੰਦੇ ਹਨ ਤੇ ਸਾਰੇ ਗੁਰਸਿੱਖ ਉਹਨਾਂ ਦੀ ਚਰਨ ਦੀ ਧੂੜ ਨੂੰ ਲੋਚਦੇ ਹਨ ਅਤੇ ਉਹਨਾਂ ਦੇ ਦਰਸ਼ਨ ਕਰਕੇ ਉਹਨਾਂ ਨੂੰ ਨਮਸਕਾਰ ਕਰਕੇ ਆਪਣੇ ਧੰਨਭਾਗ ਸਮਝਦੇ ਹਨ।



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਸ੍ਰੀ ਮਾਤਾ ਚੰਦ ਕੌਰ ਜੀ ਦੀ ਹਜ਼ੂਰੀ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ੀ ਦਸਤਾਰ ਸਜਾਉਂਦੇ ਹੋਏ – 23 ਦਸੰਬਰ 2012



ਕਾਕਾ ਹਰਨਾਮ ਸਿੰਘ ਪੁੱਤਰ ਸੰਤ ਹਰਜੀਤ ਸਿੰਘ, ਕਾਕਾ ਗੁਰਦਿਆਲ ਸਿੰਘ ਪੁੱਤਰ ਸੰਤ ਗੁਰਮੀਤ ਸਿੰਘ, ਕਾਕਾ ਨਿਰੰਜਨ ਸਿੰਘ ਪੁੱਤਰ ਸੰਤ ਨਿਰਮਲ ਸਿੰਘ, ਨਡਾਲਾ (ਜ਼ਿਲਾ ਕਪੂਰਥਲਾ) ਦਸਤਾਰਾਂ ਸਜਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਨਾਲ ।



ਸ੍ਰੀ ਸਤਿਗੁਰੂ ਜੀ ਨੇ ਦਿੱਲੀ ਦੌਰੇ ਸਮੇਂ ਸੰਤ ਹਰਵਿੰਦਰ ਸਿੰਘ ਪੁੱਤਰ ਸੰਤ ਬਲਬੀਰ ਸਿੰਘ (ਨਾਮਧਾਰੀ ਕਾਲੋਨੀ) ਦੇ ਨਵੇਂ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਹਜ਼ੂਰੀ ਵਿੱਚ ਪਰਵਾਰ ਬਖ਼ਸ਼ਸ਼ ਪ੍ਰਾਪਤ ਕਰਦਾ ਹੋਇਆ ।





ਕਾਕਾ ਜਸਬੀਰ ਸਿੰਘ ਪੁੱਤਰ ਸੰਤ ਰਘੁਬੀਰ ਸਿੰਘ ਦਿੱਲੀ, ਬੀਬੀ ਸਿਮਰਨਜੀਤ ਕੌਰ ਪੁੱਤਰੀ ਸੰਤ ਰਵਿੰਦਰ ਸਿੰਘ ਦਿੱਲੀ, ਕਾਕਾ ਸਵਰਨ ਸਿੰਘ ਪੁੱਤਰ ਸਵ: ਸੰਤ ਸੁਖਦੇਵ ਸਿੰਘ ਸੋਖੀ ਦਿੱਲੀ, ਬੀਬੀ ਅਵਤਾਰ ਕੌਰ ਪੁੱਤਰੀ ਸੰਤ ਅਮਰੀਕ ਸਿੰਘ ਦੇ ਅਨੰਦ ਕਾਰਜ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਦਿੱਲੀ ਵਿਖੇ ਸੰਪੰਨ ਹੋਏ – 27 ਨਵੰਬਰ 2016

Subscriber's Address

Type setting by: CADCON
Designed by : Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ – 250 ਰੁਪਈਏ, ਪ੍ਰਦੇਸ – 30 ਪੌਂਡ
ਪੰਜ ਸਾਲ : ਦੇਸ – 1000 ਰੁਪਈਏ, ਪ੍ਰਦੇਸ – 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 7.10 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 5.29 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 35 of 22 December 2016